# ਗੁਰਬਾਣੀ ਉਪਮਾ

## ਸਤਿਸੰਗ

**॥ ਵਡਹੰਸੁ ਮਹਲਾ ੫॥ (ਅੰਗ 578)**

**ਪ੍ਰਭ ਕਰਣ ਕਾਰਣ ਸਮਰਥਾ ਰਾਮ॥**

ਹਰ ਦਫਾ ਗੁਰਬਾਣੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਨੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਣੀ) ਹੀ ਗੁਰੂ ਹੈ ਜਿਸ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*
*(ਅੰਗ 982)*

ਜੋ ਪ੍ਰਾਣੀ ਗੁਰਬਾਣੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਣੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤ ਸਾਚੁ ਤੀਰਥੁ ਮਜਨਾ ॥ (ਅੰਗ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੰਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਸਭ ਤੋਂ ਪਹਿਲਾਂ ਇੱਥੇ ਆਈ ਸੰਗਤ ਨੂੰ ਦੇਸ਼ ਵਿਦੇਸ਼ ਦੀ ਸੰਗਤ ਨੂੰ ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਦੇ ਅਵਤਾਰ ਦਿਵਸ ਦੀ ਬਹੁਤ ਬਹੁਤ ਵਧਾਈ ਹੋਵੇ। ਇਸੇ ਸੰਬੰਧ ਵਿੱਚ ਬੀਬੀ ਪਰਮਜੀਤ ਕੌਰ ਪਤਨੀ ਭਾਈ ਜਸਪਾਲ ਸਿੰਘ ਐੱਸ.ਜੀ.ਐੱਲ. ਜਨ ਸੇਵਾ ਕੇਂਦਰ ਗੜ੍ਹਾ ਜਲੰਧਰ ਨਾਲ ਸੰਬੰਧਤ ਦੇਸ਼ ਵਿਦੇਸ਼ ਦੀ ਸੰਗਤ ਨਾਲ ਮਿਲ ਕੇ ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ 540ਵੇਂ ਅਵਤਾਰ ਦਿਵਸ ਦੇ ਸੰਬੰਧ ਵਿੱਚ ਸਹਿਜ ਪਾਠ ਕਰਵਾਇਆ ਹੈ। ਭੋਗ ਉਪਰੰਤ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਦੇ ਉਚਾਰਨ ਕੀਤੇ ਮਹਾਂਵਾਕ ਵਿਚੋਂ ਹੁਕਮਨਾਮਾ ਆਇਆ ਹਨ। ਹਜ਼ੂਰ ਇਸ ਹੁਕਮਨਾਮੇ ਵਿੱਚ ਜੋ ਭੇਦ ਬਖਸ਼ ਰਹੇ ਹਨ ਕਿ ਉਸ ਨੂੰ ਆਪਾਂ ਸਾਡੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਓਂ! ਕੋਈ ਵੀ ਐਸਾ ਕੰਮ ਨਹੀਂ ਹੈ ਜਿਹੜਾ ਮਾਲਿਕ ਨਹੀਂ ਕਰ ਸਕਦੇ। ਉਹ ਹਰ ਕੰਮ ਕਰ ਵੀ ਸਕਦੇ ਹਨ, ਕਰਵਾ ਵੀ ਸਕਦੇ ਹਨ। ਰਾਮ ਐਸਾ

ਸ਼ਬਦ ਹੈ ਜੋ ਅਗਰ ਪੱਥਰ ਉੱਪਰ ਲਿਖਿਆ ਜਾਂਦਾ ਹੈ ਤਾਂ ਪੱਥਰ ਤਰ ਸਕਦਾ ਹੈ, ਕੋਹੜੇ ਦਾ ਕੋਹੜ ਹਟ ਸਕਦਾ ਹੈ। ਇਸ ਤਰ੍ਹਾਂ ਉਹ ਸ਼ਬਦ ਸਾਰੇ ਕਾਰਜ ਕਰਨ ਦੀ ਸਮਰਥਾ ਰੱਖਦਾ ਹੈ।

**ਰਖੁ ਜਗਤੁ ਸਗਲ ਦੇ ਹਥਾ ਰਾਮ॥**

ਸੱਚੇ ਪਾਤਿਸ਼ਾਹੋ! ਮੈਨੂੰ ਵੀ, ਸਾਰੀ ਜੀਆ ਜੰਤ ਨੂੰ, ਆਪਣੇ ਭਗਤਾਂ ਨੂੰ ਹੱਥ ਦੇ ਕੇ ਰੱਖ ਲਵੋ।

*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ੧॥*

*(ਅੰਗ 256)*

**ਸਮਰਥ ਸਰਣਾ ਜੋਗੁ ਸੁਆਮੀ**
**ਕ੍ਰਿਪਾ ਨਿਧਿ ਸੁਖਦਾਤਾ॥**

ਸੱਚੇ ਪਾਤਿਸ਼ਾਹੋ! ਤੁਸੀਂ ਸਮਰੱਥਾ ਰੱਖਦੇ ਹੋ, ਸੁਆਮੀ ਹੋ।

*ਊਚ ਅਪਾਰ ਬੇਅੰਤ ਸੁਆਮੀ*
*ਕਉਣ ਜਾਣੈ ਗੁਣ ਤੇਰੇ॥*
*ਗਾਵਤੇ ਉਧਰਹਿ ਸੁਣਤੇ ਉਧਰਹਿ*
*ਬਿਨਸਹਿ ਪਾਪ ਘਨੇਰੇ॥*
*ਪਸੂ ਪਰੇਤ ਮੁਗਧ ਕਉ ਤਾਰੇ*
*ਪਾਹਨ ਪਾਰਿ ਉਤਾਰੈ॥*
*ਨਾਨਕ ਦਾਸ ਤੇਰੀ ਸਰਣਾਈ*
*ਸਦਾ ਸਦਾ ਬਲਿਹਾਰੈ॥ ੪॥ (ਅੰਗ 802)*

ਸੱਚੇ ਪਾਤਿਸ਼ਾਹੋ! ਤੁਸੀਂ ਸਭ ਤੋਂ ਉੱਚੀ ਸੁੱਚੀ ਤਾਕਤ ਹੋ, ਸੁਆਮੀ ਹੋ ਇਸ ਕਰਕੇ ਮੇਰੇ ਉੱਪਰ ਕਿਰਪਾ ਕਰੋ। ਤੁਸੀਂ ਸਦਾ ਸੁੱਖਾਂ ਦੀ ਦਾਤ ਬਖਸ਼ਦੇ ਹੋ ਮੈਨੂੰ ਵੀ ਸੁਖਾਂ ਦੀ ਦਾਤ ਬਖਸ਼ੋ।

**ਹੰਉ ਕੁਰਬਾਣੀ ਦਾਸ ਤੇਰੇ ਜਿਨੀ ਏਕੁ ਪਛਾਤਾ॥**

ਸੱਚੇ ਪਾਤਿਸ਼ਾਹੋ! ਜਿਹਨਾਂ ਨੇ ਤੁਹਾਡੀ ਪਛਾਣ ਕਰ ਲਈ ਉਹ ਧੰਨ ਹਨ। ਜਿਹਨਾਂ ਨੂੰ ਪਤਾ ਲੱਗ ਗਿਆ ਕਿ ਉਹ ਮਾਲਿਕ ਇੱਕ ਹੀ ਹਨ

*ਏਕ ਪਿਤਾ ਏਕਸ ਕੇ ਹਮ ਬਾਰਿਕ.........॥*

*(ਅੰਗ 611)*

ਤਥਾ

God is one we are thy children.

ਜਿਹਨਾਂ ਜੀਵਾਂ ਨੇ ਐਸਾ ਭੇਦ ਪ੍ਰਾਪਤ ਕਰ ਲਿਆ ਅਸੀਂ ਉਹਨਾਂ ਤੋਂ ਕੁਰਬਾਨ ਜਾਂਦੇ ਹਾਂ, ਅਸੀਂ ਉਹਨਾਂ ਦੇ ਧੰਨਵਾਦੀ ਹਾਂ।

**ਵਰਨੁ ਚਿਹਨੁ ਨ ਜਾਇ ਲਖਿਆ ਕਥਨ ਤੇ ਅਕਥਾ॥**

ਉਹ ਤਾਕਤ ਕਿਸੇ ਮਜਹਬ ਜਾਂ ਜਾਤ ਬਰਾਦਰੀ ਵਿੱਚ ਕੈਦ ਨਹੀਂ ਹੈ। ਅਸੀਂ ਉਹਨਾਂ ਜਾਤਾਂ ਵਿੱਚ ਫਸ ਜਾਂਦੇ ਹਾਂ ਪਰ ਮਾਲਿਕ ਨਹੀਂ ਫਸਦੇ। ਅਗਰ ਅਸੀਂ ਐਸੀ ਤਾਕਤ ਦੀ ਉਸਤਿਤ ਕਰਨੀ ਵੀ ਚਾਹੀਏ ਤਦ ਵੀ ਨਹੀਂ ਕਰ ਸਕਦੇ। ਕਿਉਂਕਿ

*ਭਲੇ ਅਮਰਦਾਸ ਗੁਣ ਤੇਰੇ*
*ਤੇਰੀ ਉਪਮਾ ਤੋਹਿ ਬਨਿ ਆਵੈ॥ ੧॥ (ਅੰਗ 1396)*

ਅਸੀਂ ਉਸ ਦੀ ਕਥਾ ਅਤੇ ਸੋਭਾ ਵੀ ਨਹੀਂ ਕਰ ਸਕਦੇ।

**ਬਿਨਵੰਤਿ ਨਾਨਕ ਸੁਣਹੁ ਬਿਨਤੀ**
**ਪ੍ਰਭ ਕਰਣ ਕਾਰਣ ਸਮਰਥਾ॥ ੧॥**

ਸੱਚੇ ਪਾਤਿਸ਼ਾਹੋ! ਮੇਰੀ ਇੱਕ ਫਰਿਆਦ, ਬੇਨਤੀ, ਜੋਦੜੀ ਸੁਣੋ ਕਿ ਤੁਸੀਂ ਕਰਣਕਾਰਣ ਯੋਗ ਹੋ ਮੇਰੀ ਬੇਨਤੀ ਅਵੱਸ਼ ਸੁਣ ਕੇ ਮੇਰੇ ਉੱਪਰ ਕਿਰਪਾ ਕਰੋ।

ਸੋਈ ਹਜ਼ੂਰ ਕਿਰਪਾ ਕਰਨ। ਜਿਸ ਜਿਸ ਸ਼ੁਭ ਭਾਵਨਾ ਨੂੰ ਮੁੱਖ ਰੱਖ ਕੇ ਇਸ ਪਰਿਵਾਰ ਨੇ ਸਾਰੀ ਸੰਗਤ ਨਾਲ ਮਿਲ ਕੇ ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦਾ ਅਵਤਾਰ ਦਿਵਸ ਮਨਾਉਂਦਿਆਂ ਹੋਇਆਂ ਸਹਿਜ ਪਾਠ ਕਰਵਾਇਆ ਹੈ ਹਜ਼ੂਰ ਸਾਰਿਆਂ ਦੀਆਂ ਸ਼ੁਭ ਭਾਵਨਾਵਾਂ ਪੂਰੀਆਂ ਕਰਦੇ ਹੋਏ ਸਭ ਨੂੰ ਖੁਸ਼ੀਆਂ ਖੇੜੇ ਬਖਸ਼ਣ।

# ਸਤਿਸੰਗ

**॥ ਗੂਜਰੀ ਮਹਲਾ ੫॥ (ਅੰਗ 496)**

**ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ**
**ਪਿਤਰੀ ਹੋਇ ਉਧਾਰੋ॥**

ਸਭ ਤੋਂ ਪਹਿਲਾਂ ਇੱਥੇ ਆਈ ਸੰਗਤ ਨੂੰ ਦੇਸ਼ ਵਿਦੇਸ਼ ਦੀ ਸੰਗਤ ਨੂੰ ਪੂਰਨ ਸੰਤ ਸਤਿਗੁਰੂ ਬਾਬਾ ਬੱਗਾ ਸਿੰਘ ਜੀ ਮਹਾਰਾਜ ਤਰਨ ਤਾਰਨ ਵਾਲਿਆਂ ਦੇ 155ਵੇਂ ਅਵਤਾਰ ਦਿਵਸ ਦੀਆਂ ਲੱਖ ਲੱਖ ਵਧਾਈਆਂ ਹੋਣ। ਇਸੇ ਸੰਬੰਧ ਵਿੱਚ ਐੱਸ.ਜੀ.ਐੱਲ. ਜਨ ਸੇਵਾ ਕੇਂਦਰ ਦੇ ਫਾਉਂਡਰ ਚੇਅਰਮੈਨ ਦਾਸ ਕਸ਼ਮੀਰਾ ਸਿੰਘ ਨੇ ਦੇਸ਼ ਵਿਦੇਸ਼ ਦੀ ਸੰਗਤ ਨਾਲ ਮਿਲਕੇ ਅਖੰਡ ਪਾਠ ਕਰਵਾਇਆ ਸੀ ਜਿਸਦਾ ਅੱਜ ਸਵੇਰੇ ਭੋਗ ਪਾਇਆ ਗਿਆ

ਹੈ। ਭੋਗ ਉਪਰੰਤ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਦੇ ਉਚਾਰਨ ਕੀਤੇ ਮਹਾਵਾਕ ਵਿਚੋਂ ਹੁਕਮਨਾਮਾ ਆਇਆ ਹੈ। ਹਜ਼ੂਰ ਇਸ ਹੁਕਮਨਾਮੇ ਵਿੱਚ ਜੋ ਭੇਦ ਬਖਸ਼ ਰਹੇ ਹਨ ਆਪਾਂ ਸਾਰੇ ਉਸ ਨੂੰ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਨੇ ਸਾਡੇ ਉੱਪਰ ਆਪਾਰ ਬਖਸ਼ਿਸ਼ ਕੀਤੀ ਹੈ। ਕਿਉਂਕਿ ਜਿਸ ਦਿਨ ਪੂਰਨ ਸੰਤ ਦੁਨੀਆਂ ਵਿੱਚ ਅਵਤਾਰ ਲੈਂਦੇ ਹਨ ਉਸ ਦਿਨ ਦੁਨੀਆਂ ਉੱਪਰ ਬਹੁਤ ਮਿਹਰ ਅਤੇ ਕਿਰਪਾ ਹੋ ਰਹੀ ਹੁੰਦੀ ਹੈ। ਹਜ਼ੂਰ ਨੇ ਇਸ ਹੁਕਮਨਾਮੇ ਵਿੱਚ ਬਹੁਤ ਹੀ ਉੱਚਾ ਅਤੇ ਸੁੱਚਾ ਭੇਦ ਬਖਸ਼ਿਸ਼ ਕੀਤਾ ਹੈ ਕਿ ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਸਿਮਰਨ ਕਰਨ ਨਾਲ ਜੀਵ ਦਾ ਲੋਕ ਪਰਲੋਕ ਸਵਾਰਿਆ ਜਾਂਦਾ ਹੈ। ਇਥੇ ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਤੁਹਾਡੀ ਦੋ ਪਿਛਲੀਆਂ ਕੁੱਲਾਂ ਪੂਰੀਆਂ ਹੋ ਚੁੱਕੀਆਂ ਹਨ ਉਹਨਾਂ ਦਾ ਵੀ ਉਧਾਰ ਹੋ ਜਾਵੇਗਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇੱਕੀ ਕੁੱਲਾਂ ਦੱਸੀਆਂ ਗਈਆਂ ਹਨ ਕਿ ਇੱਕ ਕੁੱਲ ਜੋ ਹੁਣ ਚੱਲ ਰਹੀ ਹੈ ਦਸ ਕੁਲਾਂ ਪਿਛਲੀਆਂ ਅਤੇ ਦਸ ਕੁਲਾਂ ਆਉਣ ਵਾਲੀਆਂ ਬਖਸ਼ੀਆਂ ਜਾਂਦੀਆਂ ਹਨ। ਜੋ ਸੰਗਤ ਸੱਚੇ ਦਿਲ ਨਾਲ ਸਿਮਰਨ ਕਰਦੀ ਹੈ ਉਸ ਦੀਆਂ ਇੱਕੀ ਕੁਲਾਂ ਬਖਸ਼ੀਆਂ ਜਾਂਦੀਆਂ ਹਨ। ਉਸ ਕੁਲ ਦਾ ਬਹੁਤ ਹੀ ਉੱਚਾ ਸੁੱਚਾ ਸਥਾਨ ਹੁੰਦਾ ਹੈ। ਇਸ ਲਈ ਸਿਮਰਨ ਕਰਨ ਤੋਂ ਵੱਡਾ ਦੁਨੀਆਂ ਵਿੱਚ ਕੋਈ ਵਪਾਰ ਜਾਂ ਬਿਜਨੈੱਸ ਨਹੀਂ ਹੋ ਸਕਦਾ। ਬਿਧੀ ਚੰਦ ਡਕੈਤ, ਅਜਾਮਲ ਪਾਪੀ, ਗਣਕਾ ਵੇਸਵਾ, ਸਧਨਾ ਕਸਾਈ, ਕੌਡਾ ਰਾਖਸ਼ ਆਦਿ ਸਾਰੇ ਬਖਸ਼ੇ ਗਏ। ਇਸ ਕਰਕੇ ਅਸੀਂ ਵੀ ਉਸ ਤਾਕਤ ਦਾ ਸਿਮਰਨ ਜ਼ਰੂਰ ਕਰੀਏ।

**ਸੋ ਹਰਿ ਹਰਿ ਤੁਮ੍ ਸਦਾ ਹੀ ਜਾਪਹੁ**

**ਜਾ ਕਾ ਅੰਤੁ ਨ ਪਾਰੋ॥ ੧॥**

ਉਸ ਤਾਕਤ ਦਾ ਹਰ ਵਕਤ ਜਾਪ ਕਰੋ। ਉਸ ਦਾ ਕੋਈ ਅੰਤ ਨਹੀਂ ਪਾ ਸਕਦਾ ਕਿ ਉਹ ਤਾਕਤ ਕਿੰਨੀ ਕੁ ਵੱਡੀ ਬਖਸ਼ਿਸ਼ ਕਰ ਸਕਦੀ ਹੈ।

**ਪੂਤਾ ਮਾਤਾ ਕੀ ਆਸੀਸ॥**

ਅਸੀਂ ਬਾਹਰਮੁੱਖ ਵੀ ਸੁਣਿਆ ਹੈ ਕਿ

ਮਾਂ ਵਰਗਾ ਘਣਛਾਵਾਂ ਬੂਟਾ ਮੈਨੂੰ ਨਜਰ ਨੀ, ਆਏ ਲੈ ਕੇ ਜਿਸ ਤੋਂ ਛਾਂ ਉਧਾਰੀ ਰੱਬ ਨੇ ਸਵਰਗ ਬਣਾਏ।

*ਬਾਕੀ ਕੁੱਲ ਦੁਨੀਆਂ ਦੇ ਬੂਟੇ ਜੜ੍ਹ ਸੁੱਕਿਆਂ ਮੁਰਝਾਂਦੇ।*

*ਐਪਰ ਫੁੱਲਾਂ ਦੇ ਮੁਰਝਾਇਆਂ ਇਹ ਬੂਟ ਸੁੱਕ ਜਾਏ।*

ਭਗਵਾਨ ਤੋਂ ਬਾਅਦ ਦੂਸਰਾ ਨਾਤਾ ਮਾਂ ਦਾ ਹੈ। ਅਗਰ ਅਸੀਂ ਉਸ ਮਾਲਿਕ ਦੇ ਬੱਚੇ ਬਣ ਜਾਈਏ ਤਾਂ ਮਾਲਿਕ ਮਾਂ ਬਣ ਕੇ ਸਾਨੂੰ ਅਸੀਸ ਬਖਸ਼ਦੇ ਹਨ। ਗੁਰਬਾਣੀ ਵਿੱਚ ਵੀ ਪਹਿਲਾਂ ਗੁਰਦੇਵ ਮਾਤਾ ਕਿਹਾ ਗਿਆ ਹੈ ਫੇਰ ਗੁਰਦੇਵ ਪਿਤਾ ਆਉਂਦਾ ਹੈ।

*ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ*

*ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ॥*

*(ਅੰਗ 310)*

ਮਾਂ ਇੱਕ ਐਸੀ ਸ਼ਕਤੀ ਹੈ ਜੋ ਆਪਣੇ ਬੱਚੇ ਨੂੰ ਹਮੇਸ਼ਾਂ ਅਸੀਸ ਦਿੰਦੀ ਹੈ।

ਵੇਦਾਂ ਸ਼ਾਸ਼ਤਰਾਂ ਵਿੱਚ ਦਰਜ ਹੈ ਕਿ ਕੋਈ ਲੜਕਾ ਸੀ ਉਹ ਜਿਸ ਲੜਕੀ ਨੂੰ ਪਿਆਰ ਕਰਦਾ ਸੀ ਉਸ ਨੂੰ ਕਹਿਣ ਲੱਗਾ ਕਿ ਮੈਂ ਆਪਣੇ ਰਿਸ਼ਤੇ, ਨਾਤੇ, ਦੋਸਤੀਆਂ, ਮਿੱਤਰੀਆਂ ਸਭ ਕੁਝ ਤੇਰੇ ਤੋਂ ਵਾਰ ਦਿੱਤੇ। ਉਹ ਲੜਕੀ ਕਹਿਣ ਲੱਗੀ ਕਿ ਅਗਰ ਤੂੰ ਸਭ ਕੁਝ ਮੇਰੇ ਤੋਂ ਵਾਰ ਦਿੱਤਾ ਹੈ ਤਾਂ ਆਪਣੀ ਮਾਂ ਦਾ ਕਲੇਜਾ ਕੱਢ ਕੇ ਲਿਆ ਕੇ ਮੈਨੂੰ ਭੇਟਾ ਕਰ ਤਦ ਮੈਂ ਤੈਨੂੰ ਪਿਆਰ ਕਰਾਂਗੀ। ਉਸ ਲੜਕੇ ਨੇ ਪਿਆਰ ਵਿੱਚ ਅੰਨੇ ਹੋਏ ਨੇ ਆਪਣੀ ਮਾਂ ਨੂੰ ਮਾਰ ਕੇ ਉਸ ਦਾ ਕਲੇਜਾ ਕੱਢ ਲਿਆ ਅਤੇ ਭੱਜਾ ਜਾ ਰਿਹਾ ਸੀ। ਰਸਤੇ ਵਿੱਚ ਉਹ ਠੇਡਾ ਲੱਗ ਕੇ ਡਿੱਗ ਪਿਆ ਤਾਂ ਮਾਂ ਦੇ ਕਲੇਜੇ ਵਿਚੋਂ ਅਵਾਜ ਆਈ ਕਿ ਪੁੱਤਰ! ਤੈਨੂੰ ਸੱਟ ਤਾਂ ਨਹੀਂ ਲੱਗੀ? ਸੋਈ ਮਾਂ ਦਾ ਹਿਰਦਾ ਐਸਾ ਹੁੰਦਾ ਹੈ। ਅਗਰ ਸਾਡੀ ਮਾਂ ਨਾ ਹੁੰਦੀ ਤਦ ਅਸੀਂ ਦੁਨੀਆਂ ਵਿੱਚ ਕਿਵੇਂ ਆਉਂਦੇ? ਜੋ ਮਰਜੀ ਹੋ ਜਾਵੇ ਮਾਂ ਕਦੇ ਵੀ ਪੁੱਤਰ ਨੂੰ ਬਦ-ਅਸੀਸ ਨਹੀਂ ਦਿੰਦੀ। ਸੋਈ ਭਗਵਾਨ ਤੋਂ ਬਾਅਦ ਮਾਂ ਦਾ ਰੁਤਬਾ ਹੈ।

**ਨਿਮਖ ਨ ਬਿਸਰਉ ਤੁਮ੍ ਕਉ**

**ਹਰਿ ਹਰਿ ਸਦਾ ਭਜਹੁ ਜਗਦੀਸ॥ ੧॥ ਰਹਾਉ॥**

ਸੱਚੇ ਪਾਤਿਸ਼ਾਹੋ! ਇੱਕ ਅੱਖ ਦੇ ਝੱਪਕਣ ਜਿੰਨਾ ਟਾਈਮ ਵੀ

ਅਸੀਂ ਉਸ ਮਾਲਿਕ ਨੂੰ ਨਾ ਭੁੱਲੀਏ। ਹਜ਼ੂਰ ਫੁਰਮਾਉਂਦੇ ਹਨ ਕਿ ਜਗ ਨੂੰ ਦਿਸ਼ਾ ਦੇਣ ਵਾਲੀ ਜਗਦੀਸ਼, ਰਚਨਾ ਕਰਨ ਵਾਲੀ, ਪਾਲਣ ਵਾਲੀ ਤਾਕਤ ਦਾ ਜਾਪ ਜ਼ਰੂਰ ਕਰੋ।

**ਸਤਿਗੁਰੁ ਤੁਮ੍ ਕਉ ਹੋਇ ਦਇਆਲਾ**

**ਸੰਤਸੰਗਿ ਤੇਰੀ ਪ੍ਰੀਤਿ॥**

ਹਜ਼ੂਰ ਫੁਰਮਾਉਂਦੇ ਹਨ ਕਿ ਸਤਿਗੁਰ ਨੇ ਕਿਰਪਾ ਕੀਤੀ ਅਤੇ ਜੀਵ ਨੂੰ ਐਸੇ ਘਰ ਜਨਮ ਦੇ ਦਿੱਤਾ ਜਿੱਥੇ ਗੁਰਬਾਣੀ ਦਾ ਜਾਪ ਹੋ ਰਿਹਾ ਹੈ। ਸਤਿਗੁਰ ਦਿਆਲੂ ਹੋਏ ਤਦ ਤੈਨੂੰ ਐਸੇ ਘਰ ਵਿੱਚ ਜਨਮ ਮਿਲਿਆ। ਅਗਰ ਤੂੰ ਕਿਸੇ ਨਾਸਤਿਕ ਦੇ ਘਰ ਜਨਮ ਲੈ ਲੈਂਦਾ ਫੇਰ ਕੀ ਬਣਦਾ? ਬਹੁਤ ਸਾਰੇ ਪਰਿਵਾਰ ਜੋ ਕਾਮਰੇਡ ਬਣ ਜਾਂਦੇ ਹਨ ਉਹ ਕਹਿੰਦੇ ਹਨ ਕਿ ਰੱਬ ਹੈ ਹੀ ਨਹੀਂ। ਅਸੀਂ ਰੱਬ ਨੂੰ ਨਹੀਂ ਮੰਨਦੇ। ਪਰ ਇੱਕ ਲਿਖਾਰੀ ਸੰਤੋਖ ਸਿੰਘ ਧੀਰ ਹੋਏ ਹਨ। ਜਦੋਂ ਉਹਨਾਂ ਦੇ ਜਵਾਈ ਦੀ ਮੌਤ ਹੋਈ ਤਾਂ ਸਾਰਿਆਂ ਨੇ ਕਿਹਾ ਕਿ ਤੇਰੀ ਧੀ ਰੰਡੀ ਹੋ ਗਈ ਹੈ। ਤਦ ਉਹ ਕਹਿਣ ਲੱਗਾ ਕਿ ਮੈਂ ਤਾਂ ਇਹ ਵੀ ਨਹੀਂ ਕਹਿ ਸਕਦਾ ਕਿ ਇਹ ਰੱਬ ਦਾ ਭਾਣਾ ਹੈ? ਕਿਉਂਕਿ ਮੈਂ ਤਾਂ ਰੱਬ ਨੂੰ ਮੰਨਦਾ ਹੀ ਨਹੀਂ ਸੀ। ਅੱਜ ਤੁਸੀਂ ਸਾਰੇ ਕਹਿ ਰਹੇ ਹੋ ਕਿ ਰੱਬ ਤੁਹਾਡੇ ਉੱਪਰ ਕਿਰਪਾ ਕਰੇ ਤੁਹਾਨੂੰ ਸਹਿਣ ਸ਼ਕਤੀ ਬਖਸ਼ੇ। ਪਰ ਮੈਂ ਰੱਬ ਨੂੰ ਮੰਨਦਾ ਨਹੀਂ ਹਾਂ ਫੇਰ ਮੈਂ ਕਿੱਦਾਂ ਮੰਨ ਲਵਾਂ ਕਿ ਉਹ ਮੈਨੂੰ ਸਹਿਣ ਸ਼ਕਤੀ ਦੇਵੇਗਾ। ਪਰ ਲੋਕੋ ਅੱਜ ਮੈਨੂੰ ਪਤਾ ਲੱਗਾ ਹੈ ਕਿ ਰੱਬ ਕੀ ਹੈ।

ਸੋਈ ਹਜ਼ੂਰ ਫੁਰਮਾਉਂਦੇ ਹਨ ਕਿ ਜਿਸ ਤਾਕਤ ਨੇ ਸਾਨੂੰ ਸਭ ਕੁਝ ਦਿੱਤਾ ਹੈ ਉਸ ਦਾ ਕਦੇ ਚੇਤਾ ਨਹੀਂ ਭੁਲਾਉਣਾ।

**ਕਾਪੜੁ ਪਤਿ ਪਰਮੇਸਰੁ**

**ਰਾਖੀ ਭੋਜਨੁ ਕੀਰਤਨੁ ਨੀਤਿ॥ ੨॥**

ਸਾਰੇ ਕਹਿੰਦੇ ਹਨ ਕਿ ਇਸ ਕੱਪੜੇ ਵਿੱਚ ਮੇਰੀ ਪੱਤ ਨਹੀਂ ਰਹਿੰਦੀ ਜਾਂ ਮੇਰੇ ਕੱਪੜੇ ਨੂੰ ਦਾਗ਼ ਲੱਗ ਗਿਆ ਹੈ। ਹਜ਼ੂਰ ਫੁਰਮਾਉਂਦੇ ਹਨ ਕਿ ਐ ਜੀਵ! ਅਗਰ ਤੂੰ ਸਿਮਰਨ ਅਤੇ ਕੀਰਤਨ ਕਰੇਂਗਾ ਫੇਰ ਤੈਨੂੰ ਕਿਸੇ ਦੀ ਪ੍ਰਵਾਹ ਨਹੀਂ ਰਹਿਣੀ।

*ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ॥*

*(ਅੰਗ 520)*

ਉਹ ਤਾਕਤ ਜੀਵ ਦੀ ਪੱਤ ਢੱਕ ਦਿੰਦੀ ਹੈ ਬਸ਼ਰਤੇ ਕਿ ਉਹ ਕੋਈ ਦੁਨਿਆਵੀ ਈਗੋ ਨਾ ਰੱਖ ਕੇ ਮਾਲਿਕ ਦਾ ਸਿਮਰਨ ਕਰੇ ਫੇਰ ਮਾਲਿਕ ਉਸ ਜੀਵ ਦੀ ਲਾਜ ਜ਼ਰੂਰ ਰੱਖਦੇ ਹਨ।

**ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ**

**ਹਰਿ ਸਿਮਰਤ ਅਨਦ ਅਨੰਤਾ॥**

ਗੁਰਬਾਣੀ ਵਿੱਚ ਦਰਜ ਹੈ ਕਿ

*ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥*

*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥*

*(ਅੰਗ 1429)*

ਅਗਰ ਹਿੰਦੂ ਉਸ ਪ੍ਰਭੂ ਦੀ ਪੂਜਾ ਕਰਦੇ ਹਨ ਉਹ ਵੀ ਅੰਮ੍ਰਿਤ ਪੀ ਰਹੇ ਹਨ। ਮੁਸਲਮਾਨ ਮੱਕੇ ਕਾਅਬੇ ਜਾ ਕੇ ਹੱਜ ਕਰਦੇ ਹਨ ਉਹਨਾਂ ਵਾਸਤੇ ਉਹ ਅੰਮ੍ਰਿਤ (ਆਬ-ਏ-ਹਯਾਤ) ਅੰਮ੍ਰਿਤ ਹੈ। ਜੋ ਲਾਰਡ ਕ੍ਰਾਈਸਟ ਵਾਸਤੇ ਪ੍ਰੇਅਰ ਕਰਦੇ ਹਨ ਉਹ ਵੀ ਅੰਮ੍ਰਿਤ ਦੀ ਪ੍ਰਾਪਤੀ ਕਰਦੇ ਹਨ। ਹਜ਼ੂਰ ਫੁਰਮਾਉਂਦੇ ਹਨ ਕਿ ਤੁਸੀਂ ਅਗਰ ਕਿਸੇ ਵੀ ਨਾਮ ਨਾਲ ਚੇਤੇ ਕਰਕੇ ਉਸ ਪ੍ਰਭੂ ਦਾ ਜਾਪ ਕਰੋਗੇ ਤਦ ਤੁਸੀਂ ਅੰਮ੍ਰਿਤ ਦੀ ਪ੍ਰਾਪਤੀ ਕਰੋਗੇ। ਅਗਰ ਤੁਸੀਂ ਸਿਮਰਨ ਦਾ ਅੰਮ੍ਰਿਤ ਪੀਵੋਗੇ ਤਦ ਤੁਹਾਨੂੰ ਹਰ ਰੋਜ਼ ਖੁਸ਼ੀਆਂ ਅਤੇ ਅਨੰਦ ਆਵੇਗਾ। ਜਿਸ ਜੀਵ ਨੂੰ ਉਸ ਦਾਤ ਦੀ ਪ੍ਰਾਪਤੀ ਨਹੀਂ ਹੋਈ ਉਸ ਨੂੰ ਉਸ ਬਾਰੇ ਕੁਝ ਵੀ ਪਤਾ ਨਹੀਂ ਹੁੰਦਾ।

ਸ਼ੇਖ ਫਰੀਦ ਸਾਹਿਬ ਜੀ ਦੀ ਮਾਂ ਨਮਾਜ ਪੜਨ ਤੋਂ ਬਾਅਦ ਉਹਨਾਂ ਨੂੰ ਰੋਜ਼ਾਨਾ ਖੰਡ, ਸ਼ੱਕਰ, ਮਿਸ਼ਰੀ, ਸ਼ਹਿਦ ਆਦਿ ਖੁਆਉਂਦੀ ਰਹਿੰਦੀ ਸੀ ਕਿ ਅੱਲਾ ਨੇ ਤੇਰੇ ਵਾਸਤੇ ਆਹ ਪ੍ਰਸ਼ਾਦ ਭੇਜਿਆ ਹੈ। ਇੱਕ ਦਿਨ ਸ਼ੇਖ ਫਰੀਦ ਸਾਹਿਬ ਜੀ ਦੇ ਦੋਸਤ ਕਹਿਣ ਲੱਗੇ ਕਿ ਅੱਜ ਦਰਿਆ ਦੇ ਕੰਢੇ 'ਤੇ ਜਾ ਕੇ ਨਮਾਜ ਪੜ੍ਹੀਏ, ਇਬਾਦਤ ਕਰੀਏ। ਉਹਨਾਂ ਦੀ ਮਾਂ ਨੂੰ ਡਰ ਪੈ ਗਿਆ ਕਿ ਅੱਜ ਮੇਰੀ ਚੋਰੀ ਫੜੀ ਜਾਣੀ ਹੈ ਅੱਜ ਮੇਰੇ ਪੁੱਤਰ ਦੇ ਮਸੁੱਲੇ ਹੇਠੋਂ ਪ੍ਰਸ਼ਾਦ ਨਹੀਂ ਨਿਕਲਣਾ। ਜਦੋਂ ਸ਼ੇਖ ਫਰੀਦ ਸਾਹਿਬ ਜੀ ਨਮਾਜ ਪੜ੍ਹ ਰਹੇ ਸਨ ਤਾਂ ਉਸ ਵਕਤ ਘਰ ਉਹਨਾਂ ਦੀ ਮਾਂ ਅਰਦਾਸ ਕਰ ਰਹੀ ਸੀ ਕਿ ਹੇ ਅੱਲਾਹ! ਅੱਜ ਮੇਰੀ ਲਾਜ ਰੱਖ ਲਇਓ ਅਤੇ ਮੇਰੇ ਪੁੱਤਰ ਨੂੰ ਪ੍ਰਸ਼ਾਦ ਦੇ ਦਇਓ। ਜਦੋਂ ਸ਼ੇਖ ਫਰੀਦ ਸਾਹਿਬ ਜੀ ਨਮਾਜ ਪੜ੍ਹ ਕੇ ਉੱਠੇ, ਮਸੁੱਲਾ ਚੁੱਕਿਆ ਤਾਂ ਉਸ ਦੇ ਹੇਠੋਂ ਇੱਕ ਕੁੱਜੀ ਮਿਲੀ ਉਸ ਦੇ ਵਿੱਚ ਪ੍ਰਸ਼ਾਦ ਸੀ। ਉਹਨਾਂ ਨੇ ਉਹ ਪ੍ਰਸ਼ਾਦ ਛਕ ਲਿਆ। ਘਰ ਆ ਕੇ

ਲੇਟੀ ਗਏ ਅਤੇ ਮਾਂ ਨੂੰ ਕਹਿਣ ਲੱਗੇ ਕਿ ਮਾਂ ਤੂੰ ਮੈਨੂੰ ਝੂਠੀਆਂ ਸ਼ੱਕਰਾਂ ਅਤੇ ਮਿਸ਼ਰੀ ਖੁਆਉਂਦੀ ਰਹੀ ਏਂ। ਤੂੰ ਮੇਰੇ ਨਾਲ ਧੋਖਾ ਕੀਤਾ ਹੈ। ਮਾਂ ਸੋਚਣ ਲੱਗੀ ਕਿ ਮੇਰੀ ਚੋਰੀ ਫੜੀ ਗਈ ਹੋਣੀ ਏ। ਪਰ ਆਪ ਮਾਂ ਨੂੰ ਕਹਿਣ ਲੱਗੇ ਕਿ ਮਾਲਿਕ ਨੇ ਅੱਜ ਮੈਨੂੰ ਕੁੱਜੀ ਵਿੱਚ ਜੋ ਪ੍ਰਸ਼ਾਦ ਦਿੱਤਾ ਉਸ ਨੂੰ ਖਾਣ ਨਾਲ ਮੈਨੂੰ ਅਨੰਦ ਆ ਗਿਆ। ਮਾਂ ਕਹਿਣ ਲੱਗੀ ਪੁੱਤਰ! ਮੈਨੂੰ ਵੀ ਦੱਸ ਕਿ ਉਸ ਦਾ ਸੁਆਦ ਕਿੱਦਾ ਦਾ ਸੀ? ਸ਼ੇਖ ਫਰੀਦ ਸਾਹਿਬ ਜੀ ਰੋ ਪਏ ਅਤੇ ਕਹਿਣ ਲੱਗੇ ਮਾਂ!

*ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ॥*

*ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥ ੨੭॥*

*(ਅੰਗ 1379)*

ਕਿ ਉਸ ਰੱਬ ਦੇ ਨਾਮ ਦਾ ਸੁਆਦ ਕੋਈ ਦੱਸ ਨਹੀਂ ਸਕਿਆ।

ਤੁਸੀਂ ਵੀ ਮਾਲਿਕ ਕੋਲ ਬੇਨਤੀ ਕਰੋ ਕਿ ਹਜ਼ੂਰ! ਮੈਨੂੰ ਇੱਕ ਵਾਰ ਉਹ ਸੁਆਦ ਚਖਾ ਦੇਵੋ। ਜਿਸ ਦਿਨ ਜੀਵ ਉਸ ਸੁਆਦ ਨੂੰ ਚੱਖ ਲਵੇਗਾ ਫੇਰ ਉਸ ਨੂੰ ਹੋਰ ਕੋਈ ਵੀ ਸੁਆਦ ਚੰਗਾ ਨਹੀਂ ਲੱਗੇਗਾ। ਫੇਰ

*ਮੁਰਦਾ ਹੋਇ ਮਰੀਦ ਤਾ ਗੁਰ ਗੋਰ ਸਮਾਇ।*

ਤਥਾ

*ਆਪੁ ਗਵਾਈਐ ਤਾ ਸਹੁ ਪਾਈਐ*

*ਅਉਰੁ ਕੈਸੀ ਚਤੁਰਾਈ॥ (ਅੰਗ 722)*

**ਰੰਗ ਤਮਾਸਾ ਪੂਰਨ ਆਸਾ**

**ਕਬਹਿ ਨ ਬਿਆਪੈ ਚਿੰਤਾ॥ ੩॥**

ਇੱਕ ਵਾਰ ਉਸ ਸੁਆਦ ਨੂੰ ਚੱਖਣ ਤੋਂ ਬਾਅਦ ਸਭ ਰੰਗ ਤਮਾਸ਼ੇ ਭੁੱਲ ਜਾਂਦੇ ਹਨ ਅਤੇ ਉਸ ਜੀਵ ਦੀਆਂ ਸਾਰੀਆਂ ਇਛਾਵਾਂ ਪੂਰੀਆਂ ਹੋ ਕੇ, ਸਭ ਚਿੰਤਾਵਾਂ ਖਤਮ ਹੋ ਜਾਂਦੀਆਂ ਹਨ। ਫੇਰ ਚਿੰਤਾ ਉਸ ਦੇ ਨੇੜੇ ਵੀ ਨਹੀਂ ਆ ਸਕਦੀ।

*ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥*

*ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥ ੫੧॥*

*(ਅੰਗ 1429)*

ਇਸ ਸੰਸਾਰ ਵਿੱਚ ਕੋਈ ਵੀ ਚੀਜ ਸਥਿਰ ਨਹੀਂ ਹੈ। ਮਾਲਿਕ ਕਿਰਪਾ ਕਰਨ ਅਤੇ ਅਸੀਂ ਉਹਨਾਂ ਦੇ ਸਮਰਪਿਤ ਹੋ ਜਾਈਏ।

**ਭਵਰੁ ਤੁਮ੍ਾਰਾ ਇਹੁ ਮਨੁ ਹੋਵਉ**

**ਹਰਿ ਚਰਣਾ ਹੋਹੁ ਕਉਲਾ॥**

ਭੰਵਰਾ ਕੰਵਲ ਫੁੱਲ ਉੱਪਰ ਬੈਠਦਾ ਹੈ। ਸ਼ਾਮ ਪੈਣ 'ਤੇ ਉਹ ਫੁੱਲ ਬੰਦ ਹੋ ਜਾਂਦਾ ਹੈ ਪਰ ਭੰਵਰਾ ਉੱਡਦਾ ਨਹੀਂ ਅਤੇ ਫੁੱਲ ਉੱਪਰ ਹੀ ਬੈਠਾ ਰਹਿੰਦਾ ਹੈ। ਇੰਝ ਫੁੱਲ ਦੇ ਵਿਚੇ ਹੀ ਬੰਦ ਹੋ ਜਾਂਦਾ ਹੈ। ਸਵੇਰੇ ਉਹ ਫੁੱਲ ਫੇਰ ਤੋਂ ਖਿੜਦਾ ਹੈ ਪਰ ਭੰਵਰੇ ਦੇ ਮੌਤ ਹੋ ਚੁੱਕੀ ਹੁੰਦੀ ਹੈ। ਹਜ਼ੂਰ ਫੁਰਮਾਉਂਦੇ ਹਨ ਕਿ ਭੰਵਰੇ ਦੀ ਤਰ੍ਹਾਂ ਉਸ ਮਾਲਿਕ ਨਾਲ ਐਨੇ ਜੁੜ ਜਾਵੋ ਕਿ ਤੁਹਾਡੀ ਮੌਤ ਹੋ ਜਾਵੇ ਪਰ ਤੁਸੀਂ ਮਾਲਿਕ ਦੀ ਸ਼ਰਨ ਨਾ ਛੱਡਿਓ, ਉਹਨਾਂ ਦਾ ਪਿਆਰ ਨਾ ਤਿਆਗਿਓ।

**ਨਾਨਕ ਦਾਸੁ ਉਨ ਸੰਗਿ ਲਪਟਾਇਓ**

**ਜਿਉ ਬੂੰਦਹਿ ਚਾਤ੍ਰਿਕ ਮਉਲਾ॥ ੪॥੩॥੪॥**

ਸੱਚੇ ਪਾਤਿਸ਼ਾਹੋ! ਤੁਸੀਂ ਮੇਰੇ ਉੱਪਰ ਦਇਆ ਕਰਿਓ ਜਿਸ ਤਰ੍ਹਾਂ ਪਪੀਹਾ ਸਵਾਂਤ ਬੂੰਦ ਤੇ ਮਸਤ ਹੋ ਜਾਂਦਾ ਹੈ ਇਸ ਤਰ੍ਹਾਂ ਮੈਂ ਤੁਹਾਡੇ ਨਾਮ ਤੇ ਮਸਤ ਰਹਾਂ। ਮੈਨੂੰ ਹੋਰ ਕਿਸੇ ਚੀਜ ਦੀ ਪ੍ਰਵਾਹ ਅਤੇ ਤਮੰਨਾ ਨਾ ਹੋਵੇ। ਸੋਈ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਅਪਾਰ ਬਖਸ਼ਿਸ਼ ਕਰ ਰਹੇ ਹਨ। ਹੋਰ ਕੋਈ ਵੀ ਐਸੀ ਦਾਤ ਨਹੀਂ ਹੈ ਜਿਹੜੀ ਐਨੀਆਂ ਪੁਸ਼ਤਾਂ ਤੱਕ ਬਖਸ਼ਿਸ਼ ਕਰਦੀ ਹੈ। ਸਿਰਫ਼ ਮਾਲਿਕ ਦਾ ਸਿਮਰਨ ਹੀ ਇਹ ਕਿਰਪਾ ਕਰ ਸਕਦਾ ਹੈ।

ਸੋਈ ਫੇਰ ਆਈ ਸੰਗਤ ਨੂੰ ਪੂਰਨ ਸੰਤ ਸਤਿਗੁਰੂ ਬਾਬਾ ਬੱਗਾ ਸਿੰਘ ਜੀ ਮਹਾਰਾਜ ਦੇ 155ਵੇਂ ਅਵਤਾਰ ਦਿਵਸ ਦੀ ਬਹੁਤ ਬਹੁਤ ਵਧਾਈ ਹੋਵੇ। ਹਜ਼ੂਰ ਸਭ ਦੀ ਸੇਵਾ ਕਬੂਲ ਕਰਕੇ ਸਭ ਨੂੰ ਖੁਸ਼ੀਆਂ ਖੇੜੇ ਬਖਸ਼ਣ ਅਤੇ ਸਭ ਦੀਆਂ ਸ਼ੁਭ ਭਾਵਨਾਵਾਂ ਪੂਰੀਆਂ ਕਰਨ।

# ਸਤਿਸੰਗ

॥ ਸੋਰਠਿ ਮਹਲਾ ੫ ॥ (ਅੰਗ 627)

**ਗੁਰ ਮਿਲਿ ਪ੍ਰਭੂ ਚਿਤਾਰਿਆ॥**

**ਕਾਰਜ ਸਭਿ ਸਵਾਰਿਆ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਫੁਰਮਾਨ ਕਰ ਰਹੇ ਹਨ ਕਿ ਐ ਦੁਨੀਆਂ ਵਾਲਿਓ! ਮੈਂ ਖੁਦ ਕੁਝ ਨਹੀਂ ਕਰ ਸਕਿਆ। ਮੇਰੇ ਸਤਿਗੁਰ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਨੇ ਮੈਨੂੰ ਇੱਧਰ ਤੋਰਿਆ, ਸਿੱਖਿਆ ਦਿੱਤੀ ਫੇਰ ਮੈਨੂੰ ਪਤਾ ਲੱਗਾ ਕਿ ਗੁਰਬਾਣੀ ਕੀ ਹੈ, ਭਗਤੀ ਕੀ ਹੈ ਅਤੇ ਬਖਸ਼ਿਸ਼ ਕੀ ਹੈ! ਫੇਰ ਉਹਨਾਂ ਨੇ ਮੇਰੇ ਸਾਰੇ ਕਾਰਜ ਸੁਆਰ ਕੇ ਅਧੂਰੇ ਅਤੇ ਵਿਗੜੇ ਕੰਮ ਵੀ ਠੀਕ ਕਰ ਦਿੱਤੇ।

**ਮੰਦਾ ਕੋ ਨ ਅਲਾਏ॥**

**ਸਭ ਜੈ ਜੈ ਕਾਰੁ ਸੁਣਾਏ॥ ੧॥**

ਹਜ਼ੂਰ ਫੁਰਮਾਉਂਦੇ ਹਨ ਕਿ ਕਿਸੇ ਨੂੰ ਵੀ ਮੰਦਾ ਨਹੀਂ ਕਹਿਣਾ ਚਾਹੀਦਾ। ਸਿਰਫ਼ ਉਸ ਮਾਲਿਕ ਦੀ ਜੈ-ਜੈ ਕਾਰ ਕਰਨੀ ਚਾਹੀਦੀ ਹੈ। ਹੋਰ ਕਿਸੇ ਦੀ ਨਿੰਦਾ ਚੁਗਲੀ ਨਾ ਕਰੋ, ਕਿਸੇ ਨੂੰ ਤਾਅਨਾ ਮਿਹਣਾ ਨਾ ਦੇਵੋ। ਸਿਰਫ਼ ਉਸ ਮਾਲਿਕ ਦੀ ਸਿਫਤ ਕਰੋ ਅਤੇ ਆਪਣੀ ਨਿੰਦਾ ਕਰੋ।

**ਸੰਤਹੁ ਸਾਚੀ ਸਰਣਿ ਸੁਆਮੀ॥**

ਹਜ਼ੂਰ ਫੁਰਮਾਉਂਦੇ ਹਨ ਕਿ ਐ ਜੀਵ! ਅਗਰ ਤੂੰ ਸੱਚੀ ਸ਼ਰਨ ਪ੍ਰਾਪਤ ਕਰਨੀ ਹੈ ਤਦ ਉਸ ਮਾਲਿਕ ਦੀ ਉਸਤਿਤ ਕਰ।

*ਊਚ ਅਪਾਰ ਬੇਅੰਤ ਸੁਆਮੀ*

*ਕਉਣੁ ਜਾਣੈ ਗੁਣ ਤੇਰੇ॥*

*ਗਾਵਤੇ ਉਧਰਹਿ ਸੁਣਤੇ ਉਧਰਹਿ*

*ਬਿਨਸਹਿ ਪਾਪ ਘਨੇਰੇ॥*

*ਪਸੂ ਪਰੇਤ ਮੁਗਧ ਕਉ ਤਾਰੇ*

*ਪਾਹਨ ਪਾਰਿ ਉਤਾਰੈ॥*

*ਨਾਨਕ ਦਾਸ ਤੇਰੀ ਸਰਣਾਈ*

*ਸਦਾ ਸਦਾ ਬਲਿਹਾਰੈ॥ ੪॥ (ਅੰਗ 802)*

ਬਾਕੀ ਸਭ ਸ਼ਰਨਾਂ ਛੱਡ ਕੇ ਉਸ ਸੁਆਮੀ ਦੀ ਸ਼ਰਨ ਵਿੱਚ ਆਓ।

**ਜੀਅ ਜੰਤ ਸਭਿ ਹਾਥਿ ਤਿਸੈ ਕੈ**

**ਸੋ ਪ੍ਰਭੂ ਅੰਤਰਜਾਮੀ॥ ਰਹਾਉ॥**

ਖੜੱਪੇ ਸੱਪ, ਸ਼ੇਰ ਦੁਨੀਆਂ ਦੀਆਂ ਸਾਰੀਆਂ ਤਾਕਤਾਂ, ਜਰਵਾਣੇ, ਚੀਫ਼ ਮਨਿਸਟਰ, ਪ੍ਰਾਈਮ ਮਨਿਸਟਰ ਸਭ ਉਸ ਤਾਕਤ ਦੇ ਵੱਸ ਵਿੱਚ ਹਨ। ਜਿਸ ਉੱਪਰ ਮਾਲਿਕ ਮਿਹਰਵਾਨ ਹਨ ਉਸ ਦਾ ਅੱਗ, ਪਾਣੀ ਅਤੇ ਸ਼ਸ਼ਤਰ ਵੀ ਕੁਝ ਨਹੀਂ ਵਿਗਾੜ ਸਕਦੇ।

**ਕਰਤਬ ਸਭਿ ਸਵਾਰੇ॥**

**ਪ੍ਰਭ ਅਪੁਨਾ ਬਿਰਦੁ ਸਮਾਰੇ॥**

ਹਜ਼ੂਰ ਆਪਣੇ ਬਿਰਦ ਦੀ ਲਾਜ ਰੱਖਦੇ ਹੋਏ ਕੋਈ ਵੀ ਕਰਤਬ ਕਰਕੇ ਸਾਡੇ ਕਾਰਜ ਸੁਆਰਦੇ ਹਨ।

**ਪਤਿਤ ਪਾਵਨ ਪ੍ਰਭ ਨਾਮਾ॥**

**ਜਨ ਨਾਨਕ ਸਦ ਕੁਰਬਾਨਾ॥ ੨॥੯॥ ੭੩॥**

ਉਹ ਸਤਿਗੁਰ ਪਤਿਤਾਂ ਦਾ, ਗੰਦਿਆਂ ਦਾ, ਲਿੱਬੜਿਆਂ ਦਾ, ਮਾੜੀ ਸੋਚ ਵਾਲਿਆਂ ਦਾ, ਕਰਮ ਹੀਣ, ਮੱਤ ਹੀਣ, ਬੁੱਧ ਹੀਣ ਦਾ ਅਧਾਰ ਕਰ ਦਿੰਦੇ ਹਨ। ਉਹ ਤਾਕਤ ਐਸੀ ਬਖਸ਼ਣਹਾਰ ਹੈ ਉਹ ਕਪਟ ਕੁਚੀਲ ਆਦਿ ਜੀਵਾਂ ਦਾ ਵੀ ਪਾਰ ਉਤਾਰਾ ਕਰਦੀ ਹੈ।

# ਸਤਿਸੰਗ

**ਰਾਗੁ ਬੈਰਾੜੀ ਮਹਲਾ ੫ ਘਰੁ ੧**

**(ਅੰਗ 720)**

**ੴ ਸਤਿਗੁਰ ਪ੍ਰਸਾਦਿ॥**

**ਸੰਤ ਜਨਾ ਮਿਲਿ ਹਰਿ ਜਸੁ ਗਾਇਓ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਭੇਦ ਬਖਸ਼ ਰਹੇ ਹਨ ਕਿ ਜਦੋਂ ਜੀਵ ਸੰਤਾਂ ਦੀ ਸੰਗਤ ਵਿੱਚ ਬੈਠ ਕੇ ਉਹਨਾਂ ਨਾਲ ਮਿਲ ਕੇ ਯਸ਼ ਕਰਦੇ ਜਾਂ ਸੁਣਦੇ ਹਨ ਕਿਉਂਕਿ ਗੁਰਬਾਣੀ ਵਿੱਚ ਦਰਜ ਹੈ ਕਿ

*ਗਾਵਤੇ ਉਧਰਹਿ ਸੁਣਤੇ ਉਧਰਹਿ*

*ਬਿਨਸਹਿ ਪਾਪ ਘਨੇਰੇ॥ (ਅੰਗ 802)*

ਸੰਗਤ ਨੂੰ ਉਹਨਾਂ ਦੇ ਪਿੰਡਾਂ ਜਾਂ ਸ਼ਹਿਰਾਂ ਦੇ ਬਹੁਤ ਸਾਰੇ ਜੀਵ ਕਹਿੰਦੇ ਹਨ ਕਿ ਤੁਸੀਂ ਬੱਸਾਂ 'ਤੇ ਕਿਰਾਏ ਖਰਚ ਕੇ ਜਾਂ ਕਾਰਾਂ ਵਿੱਚ ਤੇਲ ਬਾਲ ਕੇ ਐਨੀ ਦੂਰ ਕਿਉਂ ਚੱਲੇ ਹੋ? ਤੁਸੀਂ ਇੱਥੇ ਗੁਰਦੁਆਰੇ ਚਲੇ ਜਾਵੋ ਇੱਥੇ ਗੁਰਬਾਣੀ ਸੁਣ ਲਵੋ। ਉਹਨਾਂ ਦੀ ਗੱਲ ਦਾ ਉੱਤਰ ਦਿੰਦੇ ਹੋਏ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ ਹੈ ਕਿ ਜੋ ਜੀਵ ਸਾਧੂਆਂ ਦੀ ਸੰਗਤ ਵਿੱਚ ਜਾ ਕੇ ਯਸ਼ ਸੁਣਦੇ ਹਨ ਉਹਨਾਂ ਅਤੇ ਦੂਸਰਿਆਂ ਉੱਪਰ ਹੋਣ ਵਾਲੀ ਬਖਸ਼ਿਸ਼ ਵਿੱਚ ਕੀ ਅੰਤਰ ਹੁੰਦਾ ਹੈ।

**ਕੋਟਿ ਜਨਮ ਕੇ ਦੂਖ ਗਵਾਇਓ॥ ੧॥ ਰਹਾਉ॥**

ਹਜ਼ੂਰ ਫੁਰਮਾਉਂਦੇ ਹਨ ਕਿ ਸੰਤਾਂ ਦੀ ਸੰਗਤ ਵਿੱਚ ਜਾਣ ਨਾਲ ਜੀਵ ਨੂੰ ਕਰੋੜਾਂ ਜਨਮਾਂ ਤੋਂ ਲੱਗੇ ਹੋਏ ਦੁੱਖ ਵੀ ਨਵਿਰਤ ਹੋ ਜਾਂਦੇ ਹਨ।

**ਜੋ ਚਾਹਤ ਸੋਈ ਮਨਿ ਪਾਇਓ॥**

ਜੋ ਸ਼ੁਭ ਚਾਹਤ ਜੀਵ ਦੇ ਮਨ ਵਿੱਚ ਆਉਂਦੀ ਹੈ ਕਿ ਮੇਰੇ ਉੱਪਰ ਆਹ ਬਖਸ਼ਿਸ਼ ਹੋਵੇ ਉਸ ਬਾਰੇ ਸਿਰਫ਼ ਸਾਧੂਆਂ ਦੀ ਸੰਗਤ, ਸੰਤਾਂ ਦੀ ਸੰਗਤ ਵਿੱਚ ਕੀਤੀ ਹੋਈ ਬੇਨਤੀ ਸੁਣੀ ਜਾਂਦੀ ਹੈ। ਇੱਕਲਾ ਜੀਵ ਚਾਹੇ ਅੱਸੀ ਜਾਂ ਅਠਾਸੀ ਹਜਾਰ ਸਾਲ ਤਪੱਸਿਆ ਕਰਦਾ ਰਹੇ ਓਨੀ ਗੱਲ ਨਹੀਂ ਬਣਦੀ।

ਪਰ ਸਾਨੂੰ ਜੀਵਾਂ ਨੂੰ ਇੱਕ ਵਹਿਮ ਹੈ ਕਿ ਇੱਕਲੇ ਬੈਠ ਕੇ ਬਚਨ ਜਾਂ ਬੇਨਤੀ ਕਰੀਏ। ਉਹ ਚੰਗੀ ਤਰ੍ਹਾਂ ਹੁੰਦੀ ਹੈ। ਪਰ ਵਾਸਤਾ ਜੇ ਸਤਿਸੰਗ ਵਿੱਚ ਬੈਠੇ ਹੋਇਆਂ ਮਨ ਵਿੱਚ ਸ਼ੁਭ ਭਾਵਨਾ ਲਿਆ ਕੇ ਬੇਨਤੀ ਕਰੋਗੇ ਤਦ ਅਵੱਸ਼ ਤੁਹਾਡੀ ਇੱਛਾ ਪੂਰੀ ਹੋਵੇਗੀ। ਉਂਝ ਚਾਹੇ ਕਿਤੇ ਕੀਤੀ ਹੋਈ ਬੇਨਤੀ ਵਿੱਚ ਕਮੀ ਰਹਿ ਜਾਵੇ ਪਰ ਸਤਿਸੰਗ ਵਿੱਚ ਕੀਤੀ ਹੋਈ ਬੇਨਤੀ ਵਿੱਚ ਕੋਈ ਕਮੀ ਨਹੀਂ ਆਉਂਦੀ। ਉਹ ਬੇਨਤੀ ਵਿਅਰਥ ਨਹੀਂ ਜਾਂਦੀ।

**ਕਰਿ ਕਿਰਪਾ ਹਰਿ ਨਾਮੁ ਦਿਵਾਇਓ॥ ੧॥**

ਹਜ਼ੂਰ ਫੁਰਮਾਉਂਦੇ ਹਨ ਕਿ ਜਦੋਂ ਸਤਿਸੰਗ ਯਸ਼, ਕਥਾ, ਕੀਰਤਨ ਹੋ ਰਿਹਾ ਹੋਵੇ ਉਦੋਂ ਸਾਧੂ ਸੰਤਾਂ ਦੀ ਸੰਗਤ ਵਿੱਚ ਬੈਠ ਕੇ ਇਹ ਕੋਸ਼ਿਸ਼ ਕਰਿਓ ਕਿ ਘਰ ਦੇ ਕੰਮ ਬਾਅਦ ਵਿੱਚ ਮੰਗੇ ਜਾਣ ਪਹਿਲਾਂ ਨਾਮ ਦੀ ਦਾਤ ਮੰਗਿਓ। ਇਹ ਬੇਨਤੀ ਕਰੋ ਕਿ ਸੱਚੇ ਪਾਤਿਸ਼ਾਹੋ! ਮੇਰੇ ਉੱਪਰ ਕਿਰਪਾ ਕਰਕੇ ਸਭ ਤੋਂ ਪਹਿਲਾਂ ਮੇਰੀ ਝੋਲੀ ਵਿੱਚ ਨਾਮ ਦੀ ਖੈਰ ਪਾਵੋ।

*ਤੇਰੀ ਪਨਹ ਖੁਦਾਇ ਤੂ ਬਖਸੰਦਗੀ॥*

*ਸੇਖ ਫਰੀਦੈ ਖੈਰੁ ਦੀਜੈ ਬੰਦਗੀ॥ (ਅੰਗ 488)*

ਬੰਦਗੀ ਅਤੇ ਬਖਸ਼ਿਸ਼ ਇੱਕੋ ਹੀ ਚੀਜ ਹੈ। ਸਤਿਸੰਗ ਵਿੱਚ ਨਾਮ ਦੀ ਦਾਤ ਮੰਗਣ 'ਤੇ ਅੱਧਾ ਸਕਿੰਟ ਵੀ ਨਹੀਂ ਲੱਗਦਾ। ਫੇਰ ਹੋਰ ਪਾਸੇ ਧਿਆਨ ਕਰੀ ਜਾਇਆ ਕਰੋ ਪਰ ਪਹਿਲਾਂ ਅੱਧਾ ਸਕਿੰਟ ਕੱਢ ਕੇ ਨਾਮ ਦੀ ਦਾਤ ਜ਼ਰੂਰ ਮੰਗੋ।

**ਸਰਬ ਸੂਖ ਹਰਿ ਨਾਮਿ ਵਡਾਈ॥**

ਜੋ ਨਾਮ ਸਾਡੇ ਦੁੱਖ ਅਤੇ ਮੁਸ਼ਕਲਾਂ ਨੂੰ ਨਵਿਰਤ ਕਰਦਾ ਹੈ ਫੇਰ ਉਸ ਨਾਮ ਦੀ ਵਡਿਆਈ ਕਰੋ ਕਿ ਸੱਚੇ ਪਾਤਿਸ਼ਾਹੋ! ਅੱਜ ਤੁਸੀਂ ਬਹੁਤ ਕਿਰਪਾ ਕੀਤੀ ਹੈ ਜੋ ਮੈਨੂੰ ਸੱਦ ਕੇ ਆਪਣਾ ਯਸ਼ ਸੁਣਵਾ ਲਿਆ ਹੈ। ਕਿਉਂਕਿ

*ਸੁਤ ਦਾਰਾ ਧਨ ਲਕਸ਼ਮੀ ਪਾਪੀ ਕੇ ਭੀ ਹੋਇ॥*

*ਸੰਤ ਸਮਾਗਮ ਹਰੀ ਕਥਾ ਤੁਲਸੀ ਦੁਰਲਭ ਦੋਇ॥*

ਪਾਪੀਆਂ ਦੇ ਘਰ ਧਨ, ਦੌਲਤ, ਪੁੱਤਰ, ਮਹਿਲ, ਮਾੜੀਆਂ ਸਭ ਹੁੰਦੇ ਹਨ ਪਰ ਸੰਤਾਂ ਦਾ ਸਮਾਗਮ ਅਤੇ ਹਰੀ ਦੀ ਕਥਾ ਉਹਨਾਂ ਨੂੰ ਨਹੀਂ ਲੱਭਦੀ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਐ ਜੀਵ! ਅਗਰ ਤੂੰ ਸਾਰੇ ਸੁਖ ਚਾਹੁੰਦਾ ਏਂ ਤਦ ਨਾਮ ਦੀ ਸੋਭਾ ਅਤੇ ਜਾਪ ਵੱਧ ਤੋਂ ਵੱਧ ਕਰ।

**ਗੁਰਪ੍ਰਸਾਦਿ ਨਾਨਕ ਮਤਿ ਪਾਈ॥ ੨॥੧॥ ੭॥**

ਹਜ਼ੂਰ ਫੁਰਮਾਉਂਦੇ ਹਨ ਕਿ ਸਤਿਬਚਨ ਕਹਿਣ ਨਾਲ, ਗੁਰਬਾਣੀ ਦੇ ਬਚਨ ਸੁਣ ਕੇ ਉਹਨਾਂ ਉੱਪਰ ਅਮਲ ਕਰਨ ਨਾਲ ਗੱਲ ਬਣਨੀ ਹੈ। ਅਗਰ ਤੁਸੀਂ ਉਹਨਾਂ ਬਚਨਾਂ ਉੱਪਰ ਕਿੰਤੂ ਪ੍ਰੰਤੂ ਕਰੋਗੇ ਕਿ ਪਤਾ ਨਹੀਂ, ਮੇਰੀ ਗੱਲ ਬਣਨੀ ਹੈ ਜਾਂ ਨਹੀਂ ਫੇਰ ਕੰਮ ਵਿੱਚ ਵਿਘਨ ਪੈ ਜਾਂਦਾ ਹੈ। ਜੋ ਪਰਿਵਾਰ ਸਤਿਬਚਨ ਕਹਿ ਕੇ ਅਮਲ ਕਰਨਗੇ ਉਹਨਾਂ ਉੱਪਰ ਉਸੇ ਵਕਤ ਬਖਸ਼ਿਸ਼ ਹੋ ਜਾਵੇਗੀ। ਐਸਾ ਨਹੀਂ ਕਿ ਬਖਸ਼ਿਸ਼ ਨੂੰ ਦੋ ਜਾਂ ਚਾਰ ਸਾਲ ਲੱਗਣੇ ਹਨ। ਇਹ ਤਾਂ ਉਸੇ ਵਕਤ ਹੋ ਜਾਂਣੀ ਹੈ।

# ਸਤਿਸੰਗ

**॥ ਰਾਮਕਲੀ ਮਹਲਾ ੫॥ (ਅੰਗ 891)**

**ਸੰਤ ਕੈ ਸੰਗਿ ਰਾਮ ਰੰਗ ਕੇਲ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਉਚਾਰਨ ਕੀਤੇ ਮਹਾਂਵਾਕ ਵਿਚੋਂ ਹੁਕਮਨਾਮਾ ਆਇਆ ਹੈ।

ਤੁਸੀਂ ਸਭ ਨੇ ਹਿੰਦੂ ਮੱਤ ਵਿੱਚ ਵੀ ਅਤੇ ਸਿੱਖ ਮੱਤ ਵਿੱਚ ਵੀ ਦੇਖਿਆ ਹੋਵੇਗਾ ਕਿ ਜਦੋਂ ਕਥਾ, ਕੀਰਤਨ, ਯਸ਼ ਹੋ ਰਿਹਾ ਹੁੰਦਾ ਹੈ ਉਥੇ ਕਈ ਜੀਵ ਬਹੁਤ ਹੀ ਖੁਸ਼ਬੂਦਾਰ ਅਤਰ ਅਤੇ ਸੈਂਟ ਛਿੜਕ ਰਹੇ ਹੁੰਦੇ ਹਨ। ਉਹ ਛਿੜਕਾਅ ਇਸ ਕਰਕੇ ਕੀਤਾ ਜਾਂਦਾ ਹੈ ਕਿ ਵਾਤਾਵਰਨ ਪ੍ਰਦੂਸ਼ਿਤ ਨਾ ਹੋਵੇ। ਦੂਸਰਾ ਸਪਰੇਅ ਕਰਨ ਵਾਲਿਆਂ ਨੂੰ ਪਤਾ ਨਹੀਂ ਹੁੰਦਾ ਕਿ ਅਸੀਂ ਇਹ ਕਿਉਂ ਛਿੜਕ ਰਹੇ ਹਾਂ। ਲੇਕਿਨ ਅਸਲ ਵਿੱਚ ਉਸ ਵਕਤ ਜੀਵ ਉੱਪਰ ਰਹਿਮਤ ਦੀ ਵਰਖਾ ਹੋ ਰਹੀ ਹੁੰਦੀ ਹੈ। ਉਸ ਉੱਪਰ ਰਹਿਮਤ ਦਾ ਰੰਗ ਸਪਰੇਅ ਹੋ ਰਿਹਾ ਹੁੰਦਾ ਹੈ ਜਿਸ ਤਰ੍ਹਾਂ ਹੋਲੀ ਦੇ ਤਿਉਹਾਰ ਸਮੇਂ ਰੰਗ ਛਿੜਕੇ ਜਾਂਦੇ ਹਨ। ਲੇਕਿਨ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਹੋਲੀ ਦੀ ਬਜਾਇ ਹੋਲੇ ਮਹੱਲੇ ਨੂੰ ਤਰਜੀਹ ਦਿੱਤੀ ਹੈ। ਹਜ਼ੂਰ ਫੁਰਮਾਉਂਦੇ ਹਨ ਕਿ ਰੰਗ ਬਿਰੰਗੇ ਬਸਤਰ ਪਾਏ ਹੋਣ, ਰੰਗ ਬਿਰੰਗੀਆਂ ਦਸਤਾਰਾਂ ਸਜਾਈਆਂ ਹੋਣ ਅਤੇ ਸ਼ਸ਼ਤਰ ਵਿਦਿਆ ਸਿਖਾਈ ਜਾਵੇ।

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸਾਧੂ ਦੀ ਸੰਗਤ ਵਿੱਚ ਜਦੋਂ ਗੁਰਬਾਣੀ ਦਾ ਯਸ਼ ਹੋ ਰਿਹਾ ਹੁੰਦਾ ਹੈ ਉਸ ਵਕਤ ਰਹਿਮਤ ਬਰਸ ਰਹੀ ਹੁੰਦੀ ਹੈ। ਜਦੋਂ ਜੀਵ ਉੱਪਰ ਬਖਸ਼ਿਸ਼ ਹੋਣੀ ਹੈ ਉਸ ਦੇ ਹੱਥ ਵਿੱਚ ਰੰਗ ਲੱਗਾ ਹੋਣਾ ਹੈ। ਉਂਗਲਾਂ ਵਿੱਚ ਜਾਂ ਹੱਥ ਉੱਪਰ ਮਹਿੰਦੀ ਦੇ ਰੰਗ ਵਰਗਾ ਰੰਗ ਲੱਗਦਾ ਹੈ। ਉਸ ਵਕਤ ਜੀਵ ਉੱਪਰ ਰਹਿਮਤ ਦੀ ਵਰਖਾ ਹੋ ਰਹੀ ਹੁੰਦੀ ਹੈ।

**ਆਗੈ ਜਮ ਸਿਉ ਹੋਇ ਨ ਮੇਲ॥**

ਦੋ ਕਿਸਮ ਦੀ ਮੌਤ ਹੁੰਦੀ ਹੈ। ਇੱਕ ਜੀਵ ਦੀ ਆਤਮਾ ਜਮ ਦੇ ਰਸਤੇ ਜਾਂਦੀ ਹੈ। ਦੂਸਰੀ, ਕਈਆਂ ਦੀ ਆਤਮਾ ਬਾਈ ਪਾਸ, ਬਾਈ ਲਿਫਟ ਚਲੀ ਜਾਂਦੀ ਹੈ। ਜਿਸ ਜੀਵ ਨੂੰ ਰਹਿਮਤ ਦਾ ਰੰਗ ਲੱਗ ਜਾਂਦਾ ਹੈ ਉਸ ਦੀ ਆਤਮਾ ਜਮ ਦੇ ਰਸਤੇ ਨਹੀਂ ਜਾਂਦੀ। ਜਮ ਉਸ ਦੀ ਪਰਖ ਨਹੀਂ ਲੈ ਸਕਦਾ, ਉਸ ਜੀਵ ਨੂੰ ਡਾਵਾਂਡੋਲ ਨਹੀਂ ਕਰ ਸਕਦਾ। ਉਸ ਜੀਵ ਦੀ ਆਤਮਾ ਸਿੱਧੀ ਹੀ ਮਾਲਿਕ ਦੇ ਚਰਨਾਂ ਵਿੱਚ ਪਹੁੰਚਦੀ ਹੈ।

**ਅਹੰਬੁਧਿ ਕਾ ਭਇਆ ਬਿਨਾਸ॥**

ਸੰਤਾਂ ਨੇ ਫੁਰਮਾਨ ਕੀਤਾ ਹੈ ਕਿ

*ਆਹੰ ਬੁਧ ਹਿਰਦੇ ਬਸਹਿ ਗੁਰ ਤੇ ਚਾਹੇ ਮਾਨ।*

*ਤਿਨ ਕਉ ਜਮ ਨਿਉਤਾ ਦੀਆ ਹੋ ਹਮਰੇ ਮਹਿਮਾਨ।*

ਜਿਹੜੇ ਜੀਵ ਗੁਰੂ ਪਿਆਰੀਆਂ ਪੂਰਨ ਤਾਕਤਾਂ ਦੇ ਕੋਲੋਂ ਮਾਣ ਮੰਗਦੇ ਹਨ ਕਿ ਉਹ ਮੈਨੂੰ ਉਥੇ ਜਾਣ 'ਤੇ ਜੀ ਆਇਆ ਕਹਿਣ, ਸਪੈਸ਼ਲ ਮਿਲਣ। ਉਹ ਮਾਰ ਖਾ ਜਾਂਦੇ ਹਨ। ਸੰਤਾਂ ਦੀ ਸੰਗਤ ਵਿੱਚ ਜਾ ਕੇ ਉਸ ਜੀਵ ਵਿੱਚ ਆਹੰ ਬੁਧ ਨਹੀਂ ਰਹਿ ਜਾਂਦੀ। ਉਸ ਵਿੱਚ ਨਿਮਰਤਾ ਆ ਜਾਂਦੀ ਹੈ। ਉਸ ਨੂੰ ਕਦੇ ਵੀ ਇਹ ਸੋਚ ਨਹੀਂ ਆਉਂਦੀ ਕਿ ਮੈਂ ਕੁਝ ਕਰ ਰਿਹਾ ਹਾਂ ਜਾਂ ਮੇਰਾ ਕੀਤਾ ਕੁਝ ਹੋ ਰਿਹਾ ਹੈ। ਉਸ ਵਿੱਚ ਐਨੀ ਨਿਮਰਤਾ ਅਤੇ ਪਿਆਰ ਆ ਜਾਂਦਾ ਹੈ ਕਿ ਕਾਲ ਉਸ ਦੇ ਨੇੜੇ ਵੀ ਨਹੀਂ ਆਉਂਦਾ ਉਸ ਦੇ ਕਿਸੇ ਕੰਮ ਵਿੱਚ ਦਖਲ ਨਹੀਂ ਦਿੰਦਾ।

**ਦੁਰਮਤਿ ਹੋਈ ਸਗਲੀ ਨਾਸ॥ ੧॥**

ਹਜ਼ੂਰ ਫੁਰਮਾਉਂਦੇ ਹਨ ਕਿ ਜੀਵ ਦੇ ਅੰਦਰ ਜੋ ਮਾੜੇ ਖਿਆਲ ਆਉਂਦੇ ਹਨ ਸੰਤਾਂ ਦੀ ਸੰਗਤ ਵਿੱਚ ਜਾਣ ਨਾਲ ਉਹਨਾਂ ਮਾੜੇ ਖਿਆਲਾਂ ਦਾ ਨਾਸ਼ ਹੋ ਜਾਂਦਾ ਹੈ। ਉਹ ਤਾਕਤ ਉਸ ਜੀਵ ਦੀ ਦੁਰਮਤ ਅਰਥਾਤ ਮਾੜੀ ਸੋਚ ਖਤਮ ਕਰ ਦਿੰਦੀ ਹੈ।

**ਰਾਮ ਨਾਮ ਗੁਣ ਗਾਇ ਪੰਡਿਤ॥**

ਹਜ਼ੂਰ ਫੁਰਮਾਉਂਦੇ ਹਨ ਕਿ ਪੰਡਿਤ ਵੀ ਰਾਮ ਨਾਮ ਦੇ ਗੁਣ ਗਾਉਂਦਾ ਹੈ। ਸਵੇਰੇ ਸਵੇਰੇ ਮੰਦਿਰਾਂ ਵਿੱਚ

*ਜੈ ਸੀਆ ਰਾਮ ਜੈ ਸੀਆ ਰਾਮ ਜੈ ਸੀਆ ਰਾਮ।*

*ਰਾਮ ਰਾਮ, ਰਾਮ-ਰਾਮ*

*ਜੈ ਸੀਆ ਰਾਮ ਜੈ ਸੀਆ ਰਾਮ ਜੈ ਸੀਆ ਰਾਮ।*

*ਜਾਂ*

*ਜੈ ਗਣੇਸ਼ ਜੈ ਗਣੇਸ਼ ਜੈ ਗਣੇਸ਼ ਦੇਵਾ*

*ਮਾਤਾ ਜਿਨ ਕੀ ਪਾਰਬਤੀ ਪਿਤਾ ਮਹਾਂਦੇਵਾ।*

ਗਾ ਰਹੇ ਹੁੰਦੇ ਹਨ ਜਾਂ ਗੁਰਦੁਆਰਿਆਂ ਵਿੱਚ

*ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ।*

ਹੋ ਰਿਹਾ ਹੁੰਦਾ ਹੈ। ਪਰੰਤੂ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਫੁਰਮਾਉਂਦੇ ਹਨ ਕਿ

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥*

*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥੧॥*

*(ਅੰਗ 491)*

ਜੋ ਜੀਵ ਮਨੋ ਰਾਮ ਨਾਮ ਦਾ ਜਾਪ ਕਰਦੇ ਹਨ ਉਹਨਾਂ ਉੱਪਰ ਬਖਸ਼ਿਸ਼ ਹੁੰਦੀ ਹੈ। ਹਜ਼ੂਰ ਕਬੀਰ ਸਾਹਿਬ ਜੀ ਨੇ ਫੁਰਮਾਨ ਕੀਤਾ ਹੈ ਕਿ

*ਲੋਈਏ ਰਾਮ ਪਿਆਰੀਏ*

*ਕਿਉਂ ਰਾਮ ਸਵਲਾ ਲਾਇਆ।*

*ਤਿੰਨ ਵਾਰ ਰਾਮ ਕਹਿ ਕੇ*

*ਇਕ ਕੋਹੜੇ ਦਾ ਕੋਹੜ ਹਟਾਇਆ।*

*ਤੂੰ ਇਕ ਵਾਰ ਰਾਮ ਕਿਹ ਦਿੰਦੀਓਂ*

*ਤੇ ਸਾਰੇ ਜਗ ਦਾ ਕੋਹੜ ਹਟਾ ਦਿੰਦੀਓ।*

ਅਸੀਂ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ, ਗਾਡ-ਗਾਡ ਕਰਦੇ ਹਾਂ ਪਰ ਸਾਡਾ ਕਾਰਜ ਸਰਦਾ ਨਹੀਂ ਹੈ, ਕਿਉਂਕਿ ਅਸੀਂ ਦਿਲੋਂ ਜਾਪ ਨਾ ਕਰਕੇ ਕੰਮ ਪੂਰਾ ਕਰਨ ਵਾਸਤੇ ਜਾਪ ਕਰਦੇ ਹਾਂ।

## ਕਰਮ ਕਾਂਡ ਅਹੰਕਾਰੁ ਨ ਕਾਜੈ

ਪੰਡਿਤ ਕਰਮ ਕਾਂਡ ਬਹੁਤ ਵਧੀਆ ਕਰਦੇ ਹਨ ਪਰ ਗੁਰਬਾਣੀ ਵਿੱਚ ਦਰਜ ਹੈ ਕਿ

*ਕਰਮ ਖੰਡ ਕੀ ਬਾਣੀ ਜੋਰੁ॥*

*ਤਿਥੈ ਹੋਰੁ ਨ ਕੋਈ ਹੋਰੁ॥ (ਅੰਗ 8)*

ਕਿਤੇ ਲਿਖਿਆ ਹੈ ਕਿ

*ਕਰਮ ਧਰਮ ਪਾਖੰਡ ਜੋ ਦੀਸਹਿ*

*ਤਿਨ ਜਮੁ ਜਾਗਾਤੀ ਲੂਟੈ॥ (ਅੰਗ 747)*

ਕਰਮ ਧਰਮ ਪਾਖੰਡ ਹਨ ਕਿਉਂਕਿ ਇਹਨਾਂ ਨਾਲ ਜੀਵ ਦੇ ਮਨ ਅੰਦਰ ਹੰਕਾਰ ਆਉਂਦਾ ਹੈ ਕਿ ਮੇਰੇ ਵਰਗਾ ਕਰਮ ਕੋਈ ਨਹੀਂ ਕਰ ਸਕਦਾ। ਉਹ ਹੰਕਾਰ ਜੀਵ ਦਾ ਨੁਕਸਾਨ ਕਰਦਾ ਹੈ। ਜਾਂ ਫੇਰ ਕਰਮ ਕਰਨ ਤੋਂ ਬਾਅਦ ਪਛਤਾਵਾ ਆਵੇ ਕਿ ਮੈਂ ਪਹਿਲਾਂ ਜਾਪ ਕਿਉਂ ਨਹੀਂ ਕੀਤਾ। ਫੇਰ ਜੀਵ ਮਾਲਿਕ ਦੇ ਚਰਨਾਂ ਵਿੱਚ ਅਰਦਾਸ ਕਰੇ ਕਿ ਹਜ਼ੂਰ! ਮੇਰੀ ਜ਼ਿੰਦਗੀ ਔਤਰ ਜਾ ਰਹੀ ਹੈ, ਮੇਰੇ ਉੱਪਰ ਬਖਸ਼ਿਸ਼ ਕਰੋ। ਫੇਰ ਬਖਸ਼ਿਸ਼ ਹੋ ਸਕਦੀ ਹੈ।

ਕੋਈ ਜੀਵ ਸੀ ਜੋ ਇੱਕ ਪੱਥਰ ਉੱਪਰ ਬੈਠ ਕੇ ਬਹੁਤ ਸਾਲ ਸਿਮਰਨ ਕਰਦਾ ਰਿਹਾ। ਭਗਵਾਨ ਆ ਕੇ ਕਹਿਣ ਲੱਗੇ ਕਿ ਪੁੱਤਰ! ਤੂੰ ਬਹੁਤ ਭਗਤੀ ਕੀਤੀ ਹੈ ਦੱਸ! ਤੈਨੂੰ ਅਜਲ ਅਰਥਾਤ ਭਗਤੀ ਦਾ ਇਵਜਾਨਾ ਜਾਂ ਫਜਲ ਅਰਥਾਤ ਬਖਸ਼ਿਸ਼ ਚਾਹੀਦੀ ਹੈ। ਉਸ ਨੇ ਸੋਚਿਆ ਕਿ ਮੈਂ ਐਨੇ ਹਜਾਰਾਂ ਸਾਲ ਸਿਮਰਨ ਕੀਤਾ ਹੈ ਮੈਨੂੰ ਇਵਜਾਨਾ ਮੰਗ ਲੈਣਾ ਚਾਹੀਦਾ ਹੈ। ਉਸ ਨੇ ਬੇਨਤੀ ਕੀਤੀ ਕਿ ਮੈਨੂੰ ਅਜਲ ਦੇ ਦਿਓ। ਭਗਵਾਨ ਕਹਿਣ ਲੱਗੇ ਤੂੰ ਇੱਕੋ ਪੱਥਰ ਉੱਪਰ ਬੈਠ ਕੇ ਐਨੇ ਸਾਲ ਭਗਤੀ ਕੀਤੀ। ਤੂੰ ਤੁਰ ਫਿਰ ਕੇ ਭਗਤੀ ਕਿਉਂ ਨਹੀਂ ਕੀਤੀ। ਇੱਕੋ ਪੱਥਰ ਨੂੰ ਕਿਉਂ ਦੁੱਖ ਦਿੱਤਾ? ਹੁਣ ਤੂੰ ਜਿੰਨੇ ਸਾਲ ਪੱਥਰ ਉੱਪਰ ਬੈਠ ਕੇ ਭਗਤੀ ਕੀਤੀ ਹੈ ਓਨੇ ਸਾਲ ਪੱਥਰ ਨੂੰ ਸਿਰ ਉੱਪਰ ਚੁੱਕ ਕੇ ਭਗਤੀ ਕਰ। ਜਦੋਂ ਉਹ ਪੱਥਰ ਨੂੰ ਸਿਰ ਉੱਪਰ ਚੁੱਕ ਕੇ ਭਗਤੀ ਕਰ ਰਿਹਾ ਸੀ ਤਾਂ ਕੋਲੋਂ ਦੀ ਲੰਘਣ ਵਾਲੇ ਲੋਕ ਪੁੱਛਣ ਲੱਗੇ ਭਲਿਆ ਲੋਕਾ! ਪਹਿਲਾਂ ਤੂੰ ਇਸ ਪੱਥਰ ਉੱਪਰ ਬੈਠ ਕੇ ਭਗਤੀ ਕਰਦਾ ਸੀ। ਹੁਣ ਇਸ ਪੱਥਰ ਨੂੰ ਸਿਰ ਉੱਪਰ ਚੁੱਕ ਕੇ ਕਿਉਂ ਖੜਾ ਏਂ? ਤਦ ਉਹ ਜੀਵ ਕਹਿਣ ਲੱਗਾ ਕਿ

*ਅਜਲ ਕਿਹਾਂ ਤੇ ਪਕੜੇ ਜਾਈਏ*

*ਫਜਲ ਕਿਹਾਂ ਛੁਟਕਾਰਾ ਹੂ।*

ਅਗਰ ਮੈਂ ਬਖਸ਼ਿਸ਼ ਮੰਗਦਾ ਤਦ ਮੈਂ ਇਸ ਬਿਪਤਾ ਵਿੱਚ ਨਹੀਂ ਪੈਣਾ ਸੀ ਪਰ ਮੈਨੂੰ ਮਾਣ ਆ ਗਿਆ ਕਿ ਮੈਂ ਬਹੁਤ ਬੰਦਗੀ ਕੀਤੀ ਹੈ। ਮੈਨੂੰ ਪਤਾ ਨਹੀਂ ਉਸ ਦਾ ਇਵਜਾਨਾ ਕੀ ਮਿਲ ਜਾਣਾ ਹੈ। ਪਰ

*ਹਰਿ ਜੀਉ ਲੇਖੈ ਵਾਰ ਨ ਆਵਈ*

*ਤੂੰ ਬਖਸਿ ਮਿਲਾਵਣਹਾਰੁ॥ (ਅੰਗ 1416)*

ਅਗਰ ਜੀਵ ਕਰਮ ਕਰਕੇ ਅਭਿਮਾਨੀ ਬਣਦਾ ਹੈ ਫੇਰ ਉਸ ਕਰਮ ਦਾ ਕੋਈ ਫਾਇਦਾ ਨਹੀਂ। ਗੁਰਬਾਣੀ ਵਿੱਚ ਵੀ ਦਰਜ ਹੈ ਕਿ

*ਧਰਮੀ ਧਰਮੁ ਕਰਹਿ ਗਾਵਾਵਹਿ*

*ਮੰਗਹਿ ਮੋਖ ਦੁਆਰੁ॥ (ਅੰਗ 469)*

ਕਈ ਜੀਵ ਕੀਰਤਨ ਵਾਲਿਆਂ ਨੂੰ ਸੱਦ ਕੇ ਕੀਰਤਨ ਕਰਵਾਉਣਗੇ। ਫੇਰ ਕੀਰਤਨ ਵਾਲਿਆਂ ਨੂੰ ਕਹਿੰਦੇ ਹਨ ਕਿ ਮੇਰੇ ਲਈ ਅਰਦਾਸ ਕਰੋ ਕਿ ਮੈਨੂੰ ਕੀਰਤਨ ਕਰਵਾਉਣ ਦਾ ਫਲ ਮਿਲੇ ਅਤੇ ਮੇਰੀ ਮੁਕਤੀ ਹੋਵੇ। ਉਹਨਾਂ ਨੂੰ ਉਸ ਕੀਰਤਨ ਦਾ ਫਲ ਵੀ ਨਹੀਂ ਮਿਲਦਾ ਕਿਉਂਕਿ ਉਹਨਾਂ ਨੇ ਕੀਰਤਨ ਅੱਛੇ ਸੰਸਕਾਰ ਅਤੇ ਵੀਚਾਰ ਪ੍ਰਾਪਤ ਕਰਨ ਲਈ ਨਾ ਕਰਵਾ ਕੇ ਸਗੋਂ ਮੁਕਤੀ ਮੰਗਣ ਵਾਸਤੇ ਕਰਵਾਇਆ ਹੁੰਦਾ ਹੈ। ਇਸ ਕਰਕੇ ਤੁਸੀਂ ਚਾਹੇ ਸਤਿਸੰਗ ਕਰਵਾਉਂਦੇ ਹੋ ਜਾਂ ਰੁਮਾਲਾ ਸਾਹਿਬ ਭੇਟਾ ਕਰਦੇ ਹੋ ਉਸ ਵਕਤ ਬੇਨਤੀ ਕਰੋ ਕਿ ਸੱਚੇ ਪਾਤਿਸ਼ਾਹੋ! ਅਸੀਂ ਭੁੱਲੇ ਹਾਂ ਸਾਨੂੰ ਸਿੱਧੇ ਰਸਤੇ ਪਾਇਓ। ਸਾਡੇ ਅੰਦਰੋਂ ਦੁਰਮਤ ਕੱਢ ਕੇ ਸਾਨੂੰ ਗੁਰਮਤ ਵੱਲ ਲਾਵੋ। ਪਰ ਭਗਤੀ ਦਾ ਫਲ ਮੰਗਣ ਨਾਲ ਗੱਲ ਨਹੀਂ ਬਣਨੀ। ਜਦੋਂ ਜੀਵ ਫਲ ਮੰਗਦਾ ਹੈ ਉਸ ਦੀ ਭਗਤੀ ਉਸੇ ਵਕਤ ਜਾਂਦੀ ਰਹਿੰਦੀ ਹੈ। ਇਸੇ ਕਰਕੇ ਅਸੀਂ ਹਮੇਸ਼ਾਂ ਕਹਿੰਦੇ ਹਾਂ ਕਿ ਮਾਲਿਕ ਨੇ ਸਾਡੀ ਯਸ਼ ਕਰਨ ਦੀ ਡਿਊਟੀ ਲਾਈ ਹੈ ਅਤੇ ਆਪ ਹੀ ਯਸ਼ ਕਰਵਾਉਂਦੇ ਹਨ। ਅਸੀਂ ਯਸ਼ ਕਰਨ ਦਾ ਫਲ ਕਦੇ ਨਹੀਂ ਮੰਗਿਆ। ਅਸੀਂ ਹਮੇਸ਼ਾਂ ਇਹੋ ਬੇਨਤੀ ਕਰਦੇ ਹਾਂ ਕਿ ਸੱਚੇ ਪਾਤਿਸ਼ਾਹੋ! ਕਿਰਪਾ ਕਰੋ। ਸਾਡੀ ਹਾਜਰੀ ਲੇਖੇ ਲਾਇਓ। ਤੁਸੀਂ ਵੀ ਇਹੋ ਬੇਨਤੀ ਕਰਕੇ ਦੇਖੋ ਫੇਰ ਮਾਲਿਕ ਐਨੀ ਬਖਸ਼ਿਸ਼ ਕਰਨਗੇ ਜਿਸ ਦੀ ਗਿਣਤੀ ਮਿਣਤੀ ਨਹੀਂ ਹੋ ਸਕੇਗੀ।

**ਕੁਸਲ ਸੇਤੀ ਘਰਿ ਜਾਹਿ ਪੰਡਿਤ॥ ੧॥ ਰਹਾਉ॥**

ਤੁਸੀਂ ਚਾਅ ਨਾਲ ਯਸ਼ ਸੁਣਨ ਆ ਰਹੇ ਹੋ ਚਾਅ ਨਾਲ ਹੀ ਵਾਪਿਸ ਜਾਵੋਗੇ। ਅਗਰ ਫੌਜਾਂ ਵਾਜਿਆਂ, ਨਗਾਰਿਆਂ ਨਾਲ ਚੜ੍ਹਾਈ ਕਰਨ ਅਤੇ ਵਾਪਿਸ ਆਉਂਦਿਆਂ ਵੀ ਵਾਜੇ ਵੱਜਦੇ ਆਉਣ ਫੇਰ ਸਮਝੋ ਫੌਜਾਂ ਜਿੱਤ ਕੇ ਆਈਆਂ ਹਨ।

**ਹਰਿ ਕਾ ਜਸੁ ਨਿਧਿ ਲੀਆ ਲਾਭ॥**

ਹਜ਼ੂਰ ਫੁਰਮਾਉਂਦੇ ਹਨ ਕਿ ਹਰੀ ਦਾ ਯਸ਼ ਕਰਨ ਨਾਲ ਤੁਹਾਨੂੰ ਲਾਭ ਮਿਲੇਗਾ। ਖੁਸ਼ੀਆਂ, ਖੇੜੇ ਸਭ ਕੁਝ ਮਿਲੇਗਾ। ਤੁਹਾਨੂੰ ਕੁਝ ਵੀ ਮੰਗਣ ਦੀ ਲੋੜ ਨਹੀਂ ਪੈਣੀ।

**ਪੂਰਨ ਭਏ ਮਨੋਰਥ ਸਾਭ॥**

ਫੇਰ ਤੁਹਾਡੇ ਸਾਰੇ ਮਨੋਰਥ ਅਤੇ ਕੰਮ ਪੂਰੇ ਹੋ ਜਾਣਗੇ ਉਹਨਾਂ ਵਿੱਚ ਕੋਈ ਵਿਘਨ ਨਹੀਂ ਰਹਿ ਜਾਵੇਗਾ।

**ਦੁਖੁ ਨਾਠਾ ਸੁਖੁ ਘਰ ਮਹਿ ਆਇਆ॥**

ਜਦੋਂ ਤੁਸੀਂ ਘਰ ਪਹੁੰਚੋਗੇ ਮਾਲਿਕ ਤੁਹਾਡੇ ਸਭ ਕਲੇਸ਼, ਕਲਪਣਾ, ਦੁੱਖ ਖਤਮ ਕਰ ਦੇਣਗੇ ਅਤੇ ਘਰ ਵਿੱਚ ਸੁਖ ਆ ਜਾਵੇਗਾ।

**ਸੰਤ ਪ੍ਰਸਾਦਿ ਕਮਲੁ ਬਿਗਸਾਇਆ॥ ੨॥**

ਜਦੋਂ ਜੀਵ ਸ਼ਰਧਾ ਨਾਲ ਗੁਰੂ ਘਰ ਜਾਂਦਾ ਹੈ ਮਾਲਿਕ ਉਸਦੇ ਸਾਰੇ ਕੰਮ ਘਰ ਪਹੁੰਚਣ ਤੋਂ ਪਹਿਲਾਂ ਹੀ ਪੂਰੇ ਕਰ ਦਿੰਦੇ ਹਨ।

ਜਦੋਂ ਸੁਦਾਮਾ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਨੂੰ ਮਿਲਣ ਗਿਆ, ਉਹਨਾਂ ਨੇ ਸੁਦਾਮੇ ਦੀ ਬਹੁਤ ਆਓ-ਭਗਤ ਕੀਤੀ। ਸੁਦਾਮਾ ਗਰੀਬ ਸੀ ਉਹ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਵਾਸਤੇ ਘਰੋਂ ਚੌਲਾਂ ਦੀਆਂ ਕਣੀਆਂ ਲੈ ਕੇ ਆਇਆ ਸੀ। ਸ੍ਰੀ ਕ੍ਰਿਸ਼ਨ ਜੀ ਮਹਾਰਾਜ ਮੁੱਠਾਂ ਭਰ ਭਰ ਕੇ ਚੌਲਾਂ ਕੇ ਫੱਕੇ ਮਾਰ ਕੇ ਖਾਈ ਜਾਣ ਤਾਂ ਉਹਨਾਂ ਦੀ ਪਤਨੀ ਰੁਕਮਣੀ ਨੇ ਰੋਕਿਆ, ਹੱਥ ਜੋੜੇ ਅਤੇ ਕਿਹਾ ਕੀ ਤੁਸੀਂ ਸਭ ਕੁਝ ਇਸੇ ਨੂੰ ਦੇ ਦੇਣਾ ਹੈ? ਇੱਥੇ ਵਾਸਤੇ ਵੀ ਕੁਝ ਰੱਖ ਲਵੋ। ਜਦੋਂ ਸੁਦਾਮਾ ਆਪਣੇ ਘਰ ਜਾਣ ਲਈ ਵਾਪਿਸ ਤੁਰਿਆ ਤਾਂ ਮੁੜ ਮੁੜ ਕੇ ਦੇਖੇ ਕਿ ਮੇਰੇ ਦੋਸਤ ਮਿੱਤਰ ਨੇ ਤੁਰਨ ਲੱਗਿਆਂ ਮੈਨੂੰ ਕੁਝ ਨਹੀਂ ਦਿੱਤਾ। ਅਗਰ ਇਹ ਮੈਨੂੰ ਦਸ, ਵੀਹ ਜਾਂ ਪੰਜਾਹ ਦਮੜੇ ਦੇ ਦਿੰਦਾ ਤਾਂ ਮੈਂ ਜਾ ਕੇ ਘਰਵਾਲੀ ਨੂੰ ਕਹਿੰਦਾ ਕਿ ਮੇਰੇ ਦੋਸਤ ਨੇ ਦਿੱਤੇ ਹਨ। ਪਰ ਜਦੋਂ ਉਹ ਘਰ ਪਹੁੰਚਿਆ ਤਾਂ ਉਸ ਦੇ ਘਰ ਦੀ ਜਗ੍ਹਾ 'ਤੇ ਵੱਡੇ ਵੱਡੇ ਮਹੱਲ ਬਣੇ ਸਨ। ਉਸ ਦੀ ਪਤਨੀ ਉਸ ਦੀ ਆਓ ਭਗਤ ਲਈ ਹਾਰ ਲੈ ਕੇ ਖੜ੍ਹੀ ਸੀ। ਸੁਦਾਮੇ ਨੇ ਸੋਚਿਆ ਕਿ ਮੇਰੀ ਪਤਨੀ ਨੇ ਕਿਸੇ ਸਾਹੂਕਾਰ ਨੂੰ ਘਰ ਵਾਲਾ ਥਾਂ ਤਾਂ ਵੇਚ ਦਿੱਤਾ ਹੈ ਅਤੇ ਸ਼ਾਹੂਕਾਰ ਨੇ ਉਤੇ ਘਰ ਬਣਾ ਲਿਆ ਹੈ। ਉਸ ਦੀ ਪਤਨੀ ਦੱਸਣ ਲੱਗੀ ਕਿ ਇਹ ਸਾਰਾ ਮਕਾਨ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਆਪ ਆ ਕੇ ਬਣਾਉਂਦੇ ਰਹੇ ਹਨ। ਜਦੋਂ ਮਹੱਲ ਤਿਆਰ ਹੋ ਗਿਆ ਤਾਂ ਉਹ ਜਾਣ ਲੱਗੇ ਸਭ ਧਨ, ਦੌਲਤ, ਲਛਮੀ ਵੀ ਦੇ ਕੇ ਗਏ। ਉਸ ਦੀ ਪਤਨੀ ਨੇ ਪਹਿਲਾਂ ਇਹ ਦੱਸਿਆ ਕਿ ਮੈਂ ਤੇਰੀ ਪਤਨੀ ਹਾਂ। ਕਿਉਂਕਿ ਜਦੋਂ ਗਰੀਬ ਲੜਕੀ ਸੋਹਣੇ ਕੱਪੜੇ ਪਾ ਕੇ ਹਾਰ ਸ਼ਿੰਗਾਰ ਕਰ ਲਵੇ ਤਾਂ ਉਹ ਪਛਾਣੀ ਨਹੀਂ ਜਾਂਦੀ। ਸਭ ਕੁਝ ਦੇਖ ਸੁਣ ਕੇ ਸੁਦਾਮੇ ਨੇ ਘਰ ਵਿੱਚ ਪੈਰ ਨਹੀਂ ਪਾਏ ਅਤੇ ਵਾਪਿਸ ਭੱਜ ਤੁਰਿਆ ਕਿ ਸੱਚੇ ਪਾਤਿਸ਼ਾਹੋ! ਮੇਰੇ ਗਰੀਬ ਉੱਪਰ ਐਨੀ ਕਿਰਪਾ ਅਤੇ ਤਰਸ ਕੀਤਾ ਹੈ ਕਿ ਮੈਨੂੰ ਐਨਾ ਰਾਜ ਭਾਗ ਬਖਸ਼ ਦਿੱਤਾ ਹੈ।

ਸੋਈ ਤੁਸੀਂ ਵੀ ਅਗਰ ਕਿਸੇ ਡਿਮਾਂਡ ਤੋਂ ਬਗੈਰ ਬੰਦਗੀ ਅਤੇ ਸਿਮਰਨ ਕਰੋਗੇ ਤਾਂ ਤੁਹਾਡੇ ਘਰ ਪਹੁੰਚਣ ਤੋਂ ਪਹਿਲਾਂ ਸਾਰੇ ਦੁੱਖ ਨਵਿਰਤ ਕਰਕੇ ਹਜ਼ੂਰ ਬਾਦਸ਼ਾਹੀਆਂ ਬਖਸ਼ ਦਿੰਦੇ ਹਨ। ਬਸ਼ਰਤੇ ਕਿ ਤੁਸੀਂ ਆਪਣੇ ਮਾਲਿਕ ਨੂੰ ਚੇਤੇ ਕਰੋ ਚਾਹੇ

ਪਿਆਰ ਨਾਲ ਕਰੋ ਜਾਂ ਖਿਝ ਕੇ ਕਰੋ ਕਿ ਸੱਚੇ ਪਾਤਿਸ਼ਾਹ! ਤੂੰ ਮੇਰਾ ਕੁਝ ਨਹੀਂ ਕੀਤਾ। ਪਰ ਸੱਚੇ ਪਾਤਿਸ਼ਾਹ ਜ਼ਰੂਰ ਕਹਿ ਦਿਓ।

*ਤੁਲਸੀ ਅਪਨੇ ਪੀਵ ਕੋ ਰੀਝ ਭਜੋ ਚਾਹੇ ਖੀਝ।*

*ਖੇਤ ਪੜੇ ਸਭ ਉਗੇਂਗੇ ਉਲਟੇ ਸੀਧੇ ਬੀਜ।*

ਦਾਣਾ ਖੇਤ ਵਿਚ ਪੁੱਠਾ ਡਿੱਗੇ ਜਾਂ ਸਿੱਧਾ ਡਿੱਗੇ ਉਸ ਨੇ ਉੱਗ ਹੀ ਪੈਣਾ ਹੈ।

**ਨਾਮ ਰਤਨੁ ਜਿਨਿ ਪਾਇਆ ਦਾਨੁ॥**

ਉਹ ਤਾਕਤ ਜਿਸ ਨੂੰ ਨਾਮ ਦਾ ਦਾਨ ਦੇ ਦੇਵੇ ਜਾਂ ਜਿਸ ਨੇ ਵੀ ਉਹ ਦਾਨ ਪ੍ਰਾਪਤ ਕਰ ਲਿਆ।

**ਤਿਸੁ ਜਨ ਹੋਏ ਸਗਲ ਨਿਧਾਨ॥**

ਫੇਰ ਉਸ ਜਨ ਦੇ ਸਾਰੇ ਕਾਰਜ ਸੰਪੂਰਨ ਹੋ ਜਾਂਦੇ ਹਨ ਅਤੇ ਉਹ ਨਿਧਾਨ ਅਰਥਾਤ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਬਣ ਜਾਂਦਾ ਹੈ।

**ਸੰਤੋਖੁ ਆਇਆ ਮਨਿ ਪੂਰਾ ਪਾਇ॥**

ਜਦੋਂ ਪੂਰਨ ਤਾਕਤ ਜੀਵ ਉੱਪਰ ਬਖਸ਼ਿਸ਼ ਕਰਦੀ ਹੈ ਫੇਰ ਜੀਵ ਨੂੰ ਸੰਤੋਖ ਆ ਜਾਂਦਾ ਹੈ ਕਿ ਜਿਸ ਮਾਲਿਕ ਦਾ ਮੈਂ ਚਾਅ ਨਹੀਂ ਕਰਦਾ ਸੀ ਜਿਸ ਨੂੰ ਮੈਂ ਪਿਆਰ ਨਹੀਂ ਕਰਦਾ ਸੀ ਉਹਨਾਂ ਨੇ ਮੇਰੇ ਸਾਰੇ ਕਾਰਜ ਸੁਆਰ ਦਿੱਤੇ ਹਨ।

**ਫਿਰਿ ਫਿਰਿ ਮਾਗਨ ਕਾਹੇ ਜਾਇ॥ ੩॥**

ਫੇਰ ਉਸ ਨੂੰ ਕਿਸੇ ਕੋਲ ਮੰਗਣ ਜਾਣ ਦੀ ਲੋੜ ਨਹੀਂ ਪੈਂਦੀ ਕਿਉਂਕਿ ਮਾਲਿਕ ਉਸ ਦੀਆਂ ਝੋਲੀਆਂ ਭਰ ਦਿੰਦੇ ਹਨ।

**ਹਰਿ ਕੀ ਕਥਾ ਸੁਨਤ ਪਵਿਤ॥**

ਜੋ ਜੀਵ ਹਰੀ ਦੀ ਕਥਾ ਸੁਣਦਾ ਹੈ ਉਹ ਪਵਿੱਤਰ ਹੋ ਜਾਂਦਾ ਹੈ ਉਸ ਦੇ ਸਾਰੇ ਕਾਰਜ ਸਫਲ ਹੋ ਜਾਂਦੇ ਹਨ।

**ਜਿਹਵਾ ਬਕਤ ਪਾਈ ਗਤਿ ਮਤਿ॥**

ਜਦੋਂ ਤੁਸੀਂ ਆਪਣੀ ਜੁਬਾਨ ਨੂੰ ਮਾਲਿਕ ਦੇ ਸਮਰਪਿਤ ਕਰਕੇ ਮਾਲਿਕ ਦੇ ਗੁਣ ਗਾਉਂਦੇ ਹੋ ਫੇਰ ਮਾਲਿਕ ਤੁਹਾਨੂੰ ਮਾਣ ਵਡਿਆਈ ਬਖਸ਼ਣਗੇ।

**ਸੋ ਪਰਵਾਣੁ ਜਿਸੁ ਰਿਦੈ ਵਸਾਈ॥**

ਜਿਹੜੇ ਜੀਵ ਹਿਰਦੇ ਚੋਂ ਮਾਲਿਕ ਨੂੰ ਚੇਤੇ ਕਰਦੇ ਹਨ ਉਹਨਾਂ ਉੱਪਰ ਜੋ ਬਖਸ਼ਿਸ਼ ਹੁੰਦੀ ਹੈ ਹਜ਼ੂਰ ਉਸ ਦਾ ਭੇਦ ਅੱਗੇ ਬਖਸ਼ ਰਹੇ ਹਨ।

**ਨਾਨਕ ਤੇ ਜਨ ਊਤਮ ਭਾਈ॥ ੪॥ ੧੭॥ ੨੮॥**

ਫੇਰ ਉਸ ਜੀਵ ਦੀ ਉੱਚੀ ਸੁੱਚੀ ਆਤਮਾ ਦੀ ਹਜ਼ੂਰ ਰੱਖਿਆ ਅਤੇ ਪਾਲਣਾ ਕਰਦੇ ਹਨ। ਐਸਾ ਭਾਵ ਅਤੇ ਭਰੋਸਾ ਮਾਲਿਕ ਹੀ ਜੀਵ ਨੂੰ ਬਖਸ਼ਦੇ ਹਨ।

# ਸਤਿਸੰਗ

**ਆਸਾ ਘਰੁ ੫ ਮਹਲਾ ੧** **(ਅੰਗ 359)**

**ੴ ਸਤਿਗੁਰ ਪ੍ਰਸਾਦਿ॥**

**ਭੀਤਰਿ ਪੰਚ ਗੁਪਤ ਮਨਿ ਵਾਸੇ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*

*(ਅੰਗ 1395)*

ਫੁਰਮਾਨ ਕਰ ਰਹੇ ਹਨ ਕਿ ਇਸ ਦੇਹ ਵਿੱਚ ਦੋ ਕਿਸਮ ਦੀਆਂ ਪੰਜ ਪੰਜ ਚੀਜਾਂ ਗੁਪਤ ਬੈਠੀਆਂ ਹਨ। ਇੱਕ ਸਾਡੇ ਹੱਕ ਵਿੱਚ ਹਨ ਅਤੇ ਦੂਸਰੀਆਂ ਸਾਡਾ ਵਿਰੋਧ ਕਰਦੀਆਂ ਹਨ ਭਾਵ ਉਹ ਸਾਨੂੰ ਪੁੱਠੇ ਪਾਸੇ ਲਾਉਂਦੀਆਂ ਹਨ। ਹੱਕ ਵਿੱਚ ਪੰਜ ਸ਼ਬਦ ਹਨ ਅਤੇ ਵਿਰੋਧ ਵਿੱਚ ਕਾਮ, ਕਰੋਧ, ਲੋਭ, ਮੋਹ, ਹੰਕਾਰ ਹਨ। ਇਹਨਾਂ ਦੇ ਅਗਾਂਹ ਪਿਆਦੇ ਵੀ ਹਨ ਜਿਸ ਤਰ੍ਹਾਂ ਆਸ਼ਾ, ਤ੍ਰਿਸ਼ਨਾ, ਵਾਸ਼ਨਾ। ਜੀਵ ਦੀ ਤ੍ਰਿਸ਼ਨਾ ਅਤੇ ਵਾਸ਼ਨਾ ਵਧ ਜਾਂਦੀ ਹੈ ਸਭ ਕੁਝ ਕੋਲ ਹੁੰਦਿਆਂ ਹੋਇਆਂ ਵੀ ਆਸ਼ਾ ਰੱਖਦਾ ਹੈ ਕਿ ਮੈਨੂੰ ਹੋਰ ਮਿਲ ਜਾਵੇ।

ਜਿਸ ਤਰ੍ਹਾਂ ਕਾਂ ਨੂੰ ਸਾਰੇ ਕਹਿੰਦੇ ਹਨ ਕਿ ਇਸ ਨੇ ਕੀ ਕਾਵਾਂ ਰੌਲੀ ਪਾਈ ਹੈ। ਉਹ ਅਲੱਗ- ਅਲੱਗ ਪੰਛੀਆਂ ਕੋਲ ਗਿਆ। ਹਰ ਪੰਛੀ ਨੇ ਆਪਣੇ ਤੋਂ ਸੋਹਣੇ ਪੰਛੀ ਬਾਰੇ ਦੱਸਿਆ। ਅਖੀਰ ਤੇ ਮੋਰ ਕੋਲ ਪਹੁੰਚਿਆ ਤਾਂ ਮੋਰ ਵੀ ਕਹਿਣ ਲੱਗਾ ਕਿ ਚਾਹੇ ਮੈਂ ਸੋਹਣਾ ਹਾਂ, ਪੈਲਾਂ ਪਾਉਂਦਾ ਹਾਂ ਪਰ ਮੈਂ ਪਿੰਜਰੇ ਵਿੱਚ ਬੰਦ ਹਾਂ। ਪਰ ਕਾਂ ਸਭ ਤੋਂ ਚੰਗਾ ਹੈ ਜਿਸ ਨੂੰ ਕੋਈ ਵੀ ਫੜ ਕੇ ਪਿੰਜਰੇ ਵਿੱਚ ਨਹੀਂ ਪਾਉਂਦਾ ਅਤੇ ਇਹ ਅਜਾਦੀ ਨਾਲ ਉੱਡ ਸਕਦਾ ਹੈ। ਖੈਰ, ਅਖੀਰ ਨਤੀਜਾ ਇਹ ਕੱਢਿਆ ਕਿ ਕਿਸੇ ਬੰਦੇ ਨੂੰ ਮਾਲਿਕ ਜਿੰਨੀ ਮਰਜੀ ਸੁਦੰਰਤਾ ਦੇ ਦੇਣ, ਧਨ, ਦੌਲਤ, ਔਲਾਦ ਦਾ ਸੁਖ ਦੇ ਦੇਣ ਪਰ ਉਹ ਸੰਤੁਸ਼ਟ ਨਹੀਂ ਹੁੰਦਾ।

ਤੁਹਾਨੂੰ ਸਭ ਨੂੰ ਮਾਲਿਕ ਨੇ ਇੰਡੀਆ ਤੋਂ ਵਿਦੇਸ਼ ਲੈ ਆਂਦਾ। ਵਧੀਆ ਜਾਬ, ਵਧੀਆ ਘਰ, ਪਤੀ, ਪਤਨੀ ਬੱਚੇ ਸਭ ਕੁਝ ਦੇ ਦਿੱਤਾ।

But nobody is satisfied.

ਉਹ ਜੋ ਪੰਜ ਚੋਰ ਅੰਦਰ ਬੈਠੇ ਹਨ ਉਹ ਸੰਤੁਸ਼ਟੀ ਨਹੀਂ ਆਉਣ ਦਿੰਦੇ।

**ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ॥ ੧॥**

ਫੇਰ ਜੀਵ ਸੰਤੁਸ਼ਟ ਨਾ ਹੋਣ ਕਰਕੇ ਉਦਾਸ ਰਹਿੰਦਾ ਹੈ ਕਿ ਮੇਰਾ ਆਹ ਕੰਮ ਨਹੀਂ ਹੋਇਆ। ਹਜ਼ੂਰ ਫੁਰਮਾਉਂਦੇ ਹਨ ਕਿ ਮਾਲਿਕ ਦੁਆਰਾ ਬਖਸ਼ੀਆਂ ਹੋਈਆਂ ਦਾਤਾਂ ਨਾਲ ਕੋਈ ਵੀ ਖੁਸ਼ ਨਹੀਂ ਹੈ। ਅਗਰ ਮਾਲਿਕ ਕਿਰਪਾ ਕਰਨ ਤਦ ਜੀਵ ਸੰਤੁਸ਼ਟ ਹੋ ਸਕਦਾ ਹੈ।

ਇਹ ਭਗਤੀ ਮਾਰਗ ਦੀ ਗੱਲ ਹੈ ਕਿ ਕੋਈ ਸੰਤ, ਬਾਬੇ ਜਾਂ ਮਹਾਂਪੁਰਖ ਕਹਿਣ ਲੱਗੇ ਕਿ ਇਨਸਾਨ ਧਰਤੀ ਸਮਾਨ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਧਰਤੀ ਉੱਪਰ ਕੂੜਾ ਕਰਕਟ ਸੁਟੋ ਉਹ ਬਰਦਾਸ਼ ਕਰਦੀ ਹੈ ਇਸ ਤਰ੍ਹਾਂ ਜੀਵ ਵਿੱਚ ਅਗਰ ਸਹਿਣਸ਼ਕਤੀ ਆ ਜਾਵੇ ਤਾਂ ਉਸ ਤੋਂ ਵੱਡਾ ਕੋਈ ਭਾਗਾਂ ਵਾਲਾ ਜੀਵ ਨਹੀਂ। ਸੰਗਤ ਵਿਚੋਂ ਇੱਕ ਜੀਵ ਉਠ ਕੇ ਪੰਜ ਸੱਤ ਗਾਲਾਂ ਕੱਢ ਕੇ ਕਹਿਣ ਲੱਗਾ ਪਖੰਡ ਕਿਉਂ ਕਰਦਾ ਏਂ? ਅਗਰ ਤੈਨੂੰ ਕੋਈ ਤਕਲੀਫ ਹੋਵੇ ਫੇਰ ਤੈਨੂੰ ਪਤਾ ਲੱਗੇ। ਉਸ ਸੰਤ ਦੇ ਮਨ ਵਿੱਚ ਸੀ ਕਿ ਐਨੀ ਦੁਨੀਆਂ ਮੈਨੂੰ ਸਤਿਕਾਰ ਦੇ ਰਹੀ ਹੈ ਅਗਰ ਇੱਕ ਦੋ ਜੀਵ ਗਾਲਾਂ ਵੀ ਕੱਢ ਲੈਣ ਫੇਰ ਕੀ ਫਰਕ ਪੈਂਦਾ ਹੈ। ਉਹ ਜੀਵ ਗਾਲਾਂ ਕੱਢ ਕੇ ਘਰ ਚਲਾ ਗਿਆ। ਘਰ ਜਾ ਕੇ ਸੋਚਣ ਲੱਗਾ ਕਿ ਮਨਾ ਤੂੰ ਬਹੁਤ ਵੱਡਾ ਮੂਰਖ ਏਂ। ਅਗਰ ਬਾਕੀ ਗੱਲਾਂ ਸਾਰੀਆਂ ਠੀਕ ਕਹੀਆਂ ਹਨ ਤਾਂ ਤੂੰ ਇੱਕ ਗੱਲ ਪਿੱਛੇ ਔਖਾ ਹੋ ਗਿਆ। ਉਹ ਦੋ ਦਿਨ ਬੀਤਣ ਤੋਂ ਬਾਅਦ ਸੋਚਣ ਲੱਗਾ ਕਿ ਕਹਿੰਦੇ ਹਨ ਕਿ ਸਾਧੂ ਬਹੁਤ ਦਿਆਲੂ ਹੁੰਦੇ ਹਨ, ਜੀਵ ਨੂੰ ਮਾਫ਼ੀ ਦੇ ਦਿੰਦੇ ਹਨ ਜਾ ਕੇ ਮਾਫ਼ੀ ਮੰਗ ਲੈਣੀ ਚਾਹੀਦੀ ਹੈ। ਉਹ ਜਾ ਕੇ ਕਹਿਣ ਲੱਗਾ ਬਾਬਾ ਜੀ! ਮੈਨੂੰ ਮਾਫ਼ ਕਰ ਦਿਓ। ਮੈਂ ਉਸ ਦਿਨ ਤੁਹਾਨੂੰ ਗਾਲਾਂ ਕੱਢੀਆਂ ਸਨ। ਉਹ ਕਹਿਣ ਲੱਗੇ ਕਿ ਮੈਂ ਸੋਚਿਆ ਕਿ ਮੇਰੇ ਵਿੱਚ ਕੋਈ ਕਮੀ ਜਾਂ ਖਾਮੀ ਹੋਵੇਗੀ ਜੋ ਤੇਰੇ ਦੁਆਰਾ ਗਾਲਾਂ ਕਢਵਾ ਕੇ ਮਾਲਿਕ ਨੇ ਮੈਨੂੰ ਚੁਕੰਨਿਆਂ ਕੀਤਾ ਹੈ ਕਿ ਹੋਰ ਅਲਰਟ ਹੋ ਕੇ ਰਹਿ। ਉਹ ਹੈਰਾਨ ਹੋ ਗਿਆ ਅਤੇ ਕਹਿਣ ਲੱਗਾ ਕਿ ਮੈਨੂੰ ਮਾਫ਼ ਕਰ ਦੇਵੋ। ਉਹ ਕਹਿਣ ਲੱਗੇ ਪੁੱਤਰ! ਤੈਨੂੰ ਅਸੀਂ ਉਦੋਂ ਹੀ ਮਾਫ਼ ਕਰ ਦਿੱਤਾ ਸੀ। ਅਗਰ ਮੈਂ ਮਾਫ਼ ਨਾ ਕਰਦਾ ਤਾਂ ਮੈਂ ਦਿਲ ਵਿੱਚ ਈਰਖਾ ਰੱਖਣੀ ਸੀ ਅਤੇ ਮੈਂ ਤੈਨੂੰ ਇੱਥੇ ਬੈਠਣ ਵੀ ਨਹੀਂ ਦੇਣਾ ਸੀ। ਸੋਈ ਜਦੋਂ ਅਸੀਂ ਕਿਸੇ ਬਾਰੇ ਮਨ ਵਿੱਚ ਈਰਖਾ ਰੱਖਦੇ ਹਾਂ ਚਾਹੇ ਅਸੀਂ ਭੈਣ ਭਰਾਂ ਹਾਂ, ਦੋਸਤ ਮਿੱਤਰ ਹਾਂ, ਜਾਂ ਰਿਸ਼ਤੇਦਾਰ ਹਾਂ ਜਾਂ ਸੰਗਤ ਹੈ ਉਦੋਂ ਸਾਨੂੰ ਉਹ ਬੁਰੇ ਲੱਗਦੇ ਹਨ। ਵਰਨਾ

*ਹਮ ਨਹੀ ਚੰਗੇ ਬੁਰਾ ਨਹੀ ਕੋਇ॥*

*ਪ੍ਰਣਵਤਿ ਨਾਨਕੁ ਤਾਰੇ ਸੋਇ॥ (ਅੰਗ 728)*

ਅਸੀਂ ਮਾੜੇ ਹਾਂ ਜੋ ਕਿਸੇ ਵਾਸਤੇ ਗਲਤ ਸੋਚਦੇ ਹਾਂ।

**ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ॥**

ਸਾਰੇ ਜੀਵ ਕਹਿੰਦੇ ਹਨ ਕਿ ਮਨ ਟਿਕਦਾ ਨਹੀਂ ਹੈ। ਅਸੀਂ ਕਹਿੰਦੇ ਹਾਂ ਕਿ ਮਨ ਕਿਸੇ ਦਾ ਵੀ ਟਿਕਦਾ ਨਹੀਂ ਹੈ। ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮਨ ਬਾਰੇ ਦੱਸਿਆ ਹੈ ਕਿ

*ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥ ੧੦॥*

*(ਅੰਗ 298)*

ਤਥਾ

*ਮਨੁ ਜੀਤੈ ਜਗੁ ਜੀਤਿਆ..........॥ (ਅੰਗ 1103)*

ਦੁਨੀਆਂ ਦੇ 856 ਦੇਸ਼ ਹਨ। ਅਗਰ ਤੁਸੀਂ ਮਨ ਨੂੰ ਜਿੱਤ ਲਿਆ ਤਦ ਸਮਝੋ ਤੁਸੀਂ ਸਾਰੇ ਹੀ ਜਿੱਤ ਲਏ ਹਨ। ਫੇਰ ਤੁਸੀਂ ਕਿੰਨੇ ਯੋਧੇ ਹੋ। ਅਗਰ ਤੁਸੀਂ ਕੋਈ ਕੰਮ ਕਰਦੇ ਹੋ ਉਹ ਆਪਣੇ ਸੁਆਰਥ ਵਾਸਤੇ ਕਰਦੇ ਹੋ। ਅਗਰ ਕਿਸੇ ਨੇ ਕਰਜਾ ਚੁੱਕਿਆ ਹੋਵੇ ਉਹ ਕਰਜਾ ਉਤਾਰਨ ਵਾਸਤੇ ਜੇਬ ਚੋਂ ਪੈਸੇ ਕੱਢ ਕੇ ਗਿਣ ਰਿਹਾ ਹੋਵੇ ਤਦ ਸਾਰੇ ਕਹਿੰਦੇ ਤਦ ਹਨ ਕਿ ਦੇਖੋ, ਇਸ ਕੋਲ ਕਿੰਨੇ ਪੈਸੇ ਹਨ। ਪਰ ਉਹ ਜੀਵ ਪਤਾ ਨਹੀਂ ਕਿਸ ਤਰ੍ਹਾਂ ਪੈਸੇ ਇੱਕਠੇ ਕਰਕੇ ਕਰਜਾ ਉਤਾਰ ਰਿਹਾ ਹੁੰਦਾ ਹੈ।

ਹਜ਼ੂਰ ਫੁਰਮਾਉਂਦੇ ਹਨ ਕਿ ਮਾਲਿਕ ਨੇ ਜੋ ਮਰਜੀ ਦਿੱਤਾ ਹੋਵੇ ਜੀਵ ਸੰਤੁਸ਼ਟ ਨਹੀਂ ਹੁੰਦੇ।

**ਲੋਭੀ ਕਪਟੀ ਪਾਪੀ ਪਾਖੰਡੀ**

**ਮਾਇਆ ਅਧਿਕ ਲਗੈ॥ ੧॥ ਰਹਾਉ॥**

ਕੋਈ ਜੀਵ ਲੋਭੀ, ਕਪਟੀ, ਪਾਪੀ ਜਾਂ ਪਾਖੰਡੀ ਹੋਵੇ ਚਾਹੇ ਕਿੰਨੇ ਵੀ ਗਲਤ ਕੰਮ ਕਰਦਾ ਹੋਵੇ ਉਹ ਹਮੇਸ਼ਾਂ ਇਹੋ ਕਹਿੰਦਾ ਹੈ ਕਿ ਮਾਲਿਕ ਮੇਰੇ ਉੱਪਰ ਕਿਰਪਾ ਕਰਨ ਮੈਨੂੰ ਸਭ ਤੋਂ ਬਹੁਤਾ ਦੇਣ।

**ਫੂਲ ਮਾਲਾ ਗਲਿ ਪਹਿਰਉਗੀ ਹਾਰੋ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਬਹੁਤ ਜੀਵ ਗਲਾਂ ਵਿੱਚ

ਮਾਲਾ ਪਾਈ ਫਿਰਦੇ ਹਨ ਪਰ

All that glitters is not gold.

ਉਹ ਅਸਲੀ ਨਹੀਂ ਹੁੰਦੇ। ਜਿਸ ਤਰ੍ਹਾਂ ਜਰਕਨ ਹੀਰੇ ਨਾਲੋਂ ਬਹੁਤਾ ਚਮਕਦਾ ਹੈ। ਜਦੋਂ ਅਸੀਂ ਨਕਲੀ ਚੀਜ ਨੂੰ ਅਸਲੀ ਦੱਸਦੇ ਹਾਂ ਉਹ ਸਮਾਜ ਨੂੰ ਧੋਖਾ ਨਾ ਦੇ ਕੇ ਆਪਣੇ ਆਪ ਨੂੰ ਧੋਖਾ ਦੇ ਰਹੇ ਹੁੰਦੇ ਹਾਂ

ਤੁਸੀਂ ਫਿਲਮ ਵਿੱਚ ਦੇਖਿਆ ਹੋਵੇਗਾ ਕਿ ਕੋਈ ਜੀਵ ਨਕਲੀ ਟੀਕੇ ਬਣਾਉਂਦਾ ਸੀ। ਇੱਕ ਦਿਨ ਉਸ ਦਾ ਮੁੰਡਾ ਬੀਮਾਰ ਹੋ ਗਿਆ ਅਤੇ ਉਸ ਨੂੰ ਪਤਾ ਲੱਗਾ ਕਿ ਉਹੋ ਨਕਲੀ ਟੀਕਾ ਉਸ ਦੇ ਘਰ ਚਲਾ ਗਿਆ ਹੈ। ਉਹ ਰੌਲਾ ਪਾਉਂਦਾ ਘਰ ਵੱਲ ਨੂੰ ਭੱਜਾ ਜਾਵੇ ਕਿ ਟੀਕਾ ਨਕਲੀ ਹੈ, ਟੀਕਾ ਨਾ ਲਾਇਓ ਪਰ ਘਰ ਪਹੁੰਚਣ ਤੋਂ ਪਹਿਲਾਂ ਹੀ ਉਹ ਟੀਕਾ ਉਸ ਦੇ ਪੁੱਤਰ ਨੂੰ ਲੱਗ ਚੁੱਕਾ ਸੀ ਜਿਸ ਨਾਲ ਉਸ ਦੇ ਪੁੱਤਰ ਦੀ ਮੌਤ ਹੋ ਗਈ। ਉਸ ਦਿਨ ਤੋਂ ਬਾਅਦ ਉਸ ਜੀਵ ਨੇ ਨਕਲੀ ਟੀਕੇ ਬਣਾਉਣੇ ਬੰਦ ਕਰ ਦਿੱਤੇ।

ਅਸੀਂ ਹੁਣ ਦੇਖਦੇ ਹਾਂ ਕਿ ਅਗਰ ਦੁੱਧ ਉੱਪਰ ਵਧੀਆ ਮਲਾਈ ਆਵੇ ਤਾਂ ਮਲਾਈ ਪਾ ਕੇ ਹੀ ਚਾਹ ਬਣਾ ਲਈਦੀ ਹੈ। ਦੁੱਧ ਵੇਚਣ ਵਾਲੇ ਦੁੱਧ ਨੂੰ ਕਾਹੜ ਕੇ ਉਸ ਵਿੱਚ ਬਲਾਟਿੰਗ ਪੇਪਰ ਪਾ ਦਿੰਦੇ ਹਨ। ਕਾਗਜ ਦੁੱਧ ਵਿੱਚ ਰਿੱਝਦਾ ਰਿੱਝਦਾ ਮਲਾਈ ਵਰਗਾ ਬਣ ਜਾਂਦਾ ਹੈ। ਅਸੀਂ ਉਸ ਕਾਗਜ ਨੂੰ ਮਲਾਈ ਸਮਝ ਕੇ ਖਾਈ ਜਾਂਦੇ ਹਾਂ। ਪਪੀਤੇ ਦੇ ਬੀਜਾਂ ਨੂੰ ਪਾਣੀ ਵਿੱਚ ਤੇਜਾਬ ਮਿਲਾ ਕੇ ਉਸ ਵਿੱਚ ਪਾ ਦਿੰਦੇ ਹਨ ਉਹ ਕਾਲੀ ਮਿਰਚ ਬਣ ਜਾਂਦੇ ਹਨ। ਘੋੜੇ ਦੀ ਲਿੱਦ ਨੂੰ ਸਾਫ਼ ਕਰਕੇ ਗਰਮ ਮਸਾਲਾ ਬਣਾ ਦਿੰਦੇ ਹਨ। ਹੋਟਲਾਂ ਵਿੱਚ ਪੁਰਾਣੀ ਛਾਣ ਕੇ ਸੁੱਟੀ ਹੋਈ ਚਾਹ ਪੱਤੀ ਲਿਆ ਕੇ ਚੰਮ ਦੀ ਜੁੱਤੀਆਂ ਦੇ ਛੋਟੇ ਛੋਟੇ ਟੁੱਕੜੇ ਕਰਕੇ ਪਾਣੀ ਵਿੱਚ ਉਬਾਲ ਲੈਂਦੇ ਹਨ ਅਤੇ ਪੁਰਾਣੀ ਚਾਹ ਪੱਤੀ ਨੂੰ ਉਸ ਪਾਣੀ ਵਿੱਚ ਪਾ ਦਿੰਦੇ ਹਨ ਅਤੇ ਲੋਕ ਕਹਿੰਦੇ ਹਨ ਕਿ ਬੜੀ ਕਰਾਰੀ ਚਾਹ ਬਣਦੀ ਹੈ। ਜਿਹੜੇ ਜੀਵ ਇਹ ਗਲਤ ਕੰਮ ਕਰਦੇ ਹਨ ਉਹਨਾਂ ਨੂੰ ਕੋਈ ਹਯਾ ਨਹੀਂ ਹੈ। ਸਿਰ ਨਹਾਉਣ ਵਾਲੇ ਸੈਂਪੂ ਵਿੱਚ ਹੋਰ ਸਮਾਨ ਰਲਾ ਕੇ ਦੁੱਧ ਬਣਾ ਲੈਂਦੇ ਹਾਂ। ਇਹ ਸਾਰੇ ਗਲਤ ਕੰਮ ਕਰਕੇ ਹੀ ਜੀਵ ਬੇਨਤੀ ਕਰਦੇ ਹਨ ਕਿ ਸੱਚੇ ਪਾਤਿਸ਼ਾਹੋ!

*ਝੂਠ ਪਏ ਬੁਲੇਂਦੇ ਆਂ, ਕੁਫ਼ਰ ਪਏ ਤੁਲੇਂਦੇ ਆ।*
*ਪਰ ਤੇਰਾ ਨਾਮ ਪਏ ਜਪੇਂਦੇ ਆਂ।*

ਇਸ ਕਰਕੇ ਸਾਡੇ ਉੱਪਰ ਬਖਸ਼ਿਸ਼ ਜਰੂਰ ਕਰੋ। ਪਰ ਉਹ ਪ੍ਰਮਾਤਮਾ ਜਾਣਦਾ ਹੈ ਕਿ ਜੀਵ ਕੀ ਕਰ ਰਿਹਾ ਹੈ ਅਤੇ ਕੀ ਮੰਗ ਰਿਹਾ ਹੈ?

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ ੨੩ ॥*

*(ਅੰਗ 1379)*

ਕਿੱਕਰਾਂ ਬੀਜ ਕੇ ਅਸੀਂ ਖਾਣ ਲਈ ਵਧੀਆ ਚੀਜਾਂ ਮੰਗਦੇ ਹਾਂ।

**ਮਿਲੈਗਾ ਪ੍ਰੀਤਮੁ ਤਬ ਕਰਉਗੀ ਸੀਗਾਰੋ ॥ ੨ ॥**

ਪਰ ਜੋ ਸੱਚੇ ਜੀਵ ਹਨ ਉਹ ਨਖਰੇ ਜਾਂ ਪਖੰਡ ਨਹੀਂ ਕਰਦੇ। ਸੱਚੀ ਇਸਤਰੀ ਕਹਿੰਦੀ ਹੈ ਕਿ ਜਦੋਂ ਮੇਰਾ ਪਤੀ ਘਰ ਆਵੇਗਾ ਮੈਂ ਉਦੋਂ ਸਿੰਗਾਰ ਕਰਾਂਗੀ। ਸੱਚੇ ਗੁਰਸਿੱਖ ਕਹਿੰਦੇ ਹਨ ਕਿ ਜਦੋਂ ਮਾਲਿਕ ਮੇਰੇ ਉੱਪਰ ਬਖਸ਼ਿਸ਼ ਕਰਨਗੇ ਫੇਰ ਮੇਰਾ ਸ਼ਿੰਗਾਰ, ਲਿਬਾਸ ਕਿਸੇ ਕੰਮ ਆਵੇਗਾ।

**ਪੰਚ ਸਖੀ ਹਮ ਏਕੁ ਭਤਾਰੋ ॥**

ਹਜ਼ੂਰ ਫੁਰਮਾਉਂਦੇ ਹਨ ਕਿ

*ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ ॥*
*ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥*

*(ਅੰਗ 725)*

ਗੁਰੂ ਦੇ ਮਿੱਤਰ ਹੀ ਗੁਰੂ ਦੀਆਂ ਗੱਲਾਂ ਸੁਣਾਉਂਦੇ ਹਨ। ਜਦੋਂ ਅਸੀਂ ਗੁਰੂ ਪਿਆਰੇ ਸਖੀਆਂ ਬਣ ਕੇ ਬੈਠ ਕੇ ਗੁਰੂ ਦੀਆਂ ਗੱਲਾਂ ਕਰੀਏ, ਗੁਰੂ ਨੂੰ ਚੇਤੇ ਕਰੀਏ ਫੇਰ ਹਜ਼ੂਰ ਸਾਡੀ ਹਾਜਰੀ ਅਵੱਸ਼ ਲਾਉਂਦੇ ਹਨ। ਸਾਨੂੰ ਹਮੇਸ਼ਾ ਨੈਗੇਟਿਵ ਨਾ ਸੋਚ ਕੇ ਪੋਜਿਟਿਵ ਸੋਚਣਾ ਚਾਹੀਦਾ ਹੈ। ਤੁਸੀਂ ਪਿਆਰ ਨਾਲ ਆਪਣੇ ਗੁਰੂ ਨੂੰ ਯਾਦ ਕਰੋ ਜਾਂ ਲੜਕੀਆਂ ਆਪਣੇ ਪਤੀ ਨੂੰ ਚੇਤੇ ਕਰਨ ਤਦ ਬਹੁਤ ਪਿਆਰ ਮਿਲਦਾ ਹੈ। ਪਰਿਵਾਰਾਂ ਵਿੱਚ ਨੂੰਹਾਂ ਸੱਸਾਂ ਨੂੰ ਪਿਆਰ ਕਰਕੇ ਦੇਖ ਲਵੋ ਸੱਸਾਂ ਤੁਹਾਨੂੰ ਦਸ ਗੁਣਾਂ ਵੱਧ ਪਿਆਰ ਕਰਨਗੀਆਂ। ਤੁਸੀਂ ਬੱਚਿਆਂ ਨੂੰ, ਪਤੀ ਨੂੰ, ਪਤਨੀ ਨੂੰ, ਮਾਂ ਪਿਉ ਨੂੰ ਅਰਥਾਤ ਕਿਸੇ ਨੂੰ ਵੀ ਪਿਆਰ ਕਰਕੇ ਦੇਖ ਲਵੋ ਤੁਹਾਨੂੰ ਬਹੁਤ ਵੱਡੀ ਰਿਟਰਨ ਮਿਲੇਗੀ। ਪਿਆਰ ਦਾ ਕੋਈ ਮੁੱਲ ਵੀ ਨਹੀਂ ਦੇਣਾ ਪੈਂਦਾ ਸਿਰਫ਼ ਮਨ ਨੂੰ ਸਮਝਾਉਣਾ ਹੈ।

**ਪੇਡਿ ਲਗੀ ਹੈ ਜੀਅੜਾ ਚਾਲਣਹਾਰੋ ॥ ੩ ॥**

ਹਜ਼ੂਰ ਫੁਰਮਾਉਂਦੇ ਹਨ ਕਿ ਦੁਨਿਆਵੀ ਤੌਰ ਤੇ ਪੇਟ ਲੱਗਾ ਹੈ ਇਸ ਕਰਕੇ ਰੋਟੀ ਤਾਂ ਖਾਣੀ ਹੀ ਹੈ। ਸਾਨੂੰ ਸਭ ਨੂੰ ਸਭ ਤੋਂ ਵੱਡਾ ਨਸ਼ਾ ਰੋਟੀ ਦਾ ਹੈ।

*ਭੁਖੇ ਭਜਨ ਨਾ ਹੋਇ ਗੁਪਾਲਾ॥*

*ਆਹ ਫੜ ਕੰਠੀ ਆਹ ਫੜ ਮਾਲਾ॥*

ਤਥਾ

*ਫਰੀਦਾ ਮੌਤੋਂ ਭੁਖ ਬੁਰੀ॥*

*ਰਾਤੀ ਖਾ ਕੇ ਸੁਤੇ ਸਵੇਰੇ ਫੇਰ ਖੜੀ॥*

ਰਾਤ ਨੂੰ ਪੂਰਾ ਢਿੱਡ ਭਰ ਕੇ ਸੌਂਵੀਂਦਾ ਹੈ ਅਤੇ ਸਵੇਰੇ ਉੱਠ ਕੇ ਫੇਰ ਖਾਣ ਨੂੰ ਮੰਗੀ ਜਾਈਦਾ ਹੈ। ਅਸੀਂ ਦੁਨਿਆਵੀ ਤੌਰ ਤੇ ਭੁੱਖ ਦੀ ਗੱਲ ਕੀਤੀ ਹੈ ਪਰ ਜਿਸ ਬੰਦੇ ਨੂੰ ਪ੍ਰਭੂ ਦੇ ਨਾਮ ਦੀ ਭੁੱਖ ਲੱਗਦੀ ਹੈ, ਉਹ ਜਿੰਨਾ ਨਾਮ ਜਿਆਦਾ ਜਪੇਗਾ ਉਸ ਨੂੰ ਨਾਮ ਦੀ ਓਨੀ ਜਿਆਦਾ ਭੁੱਖ ਲੱਗੇਗੀ। ਪਰ ਉਸ ਭੁੱਖ ਨਾਲ ਖਾਣੇ ਦਾ ਕੋਈ ਵਾਸਤਾ ਨਹੀਂ ਹੈ। ਉਸ ਭੁੱਖ ਵਾਸਤੇ ਪਿਆਰ ਚਾਹੀਦਾ ਹੈ। ਲਗਨ ਹੋਣੀ ਚਾਹੀਦੀ ਹੈ।

**ਪੰਚ ਸਖੀ ਮਿਲਿ ਰੁਦਨੁ ਕਰੇਹਾ॥**

ਜਦੋਂ ਪੰਚ ਸਖੀਆਂ ਅਰਥਾਤ ਗੁਰੂ ਪਿਆਰੇ ਮਿਲ ਕੇ ਗੁਰੂ ਦੀ ਸੋਭਾ ਕਰਦੇ ਹਨ ਤਦ ਉਹਨਾਂ ਦਾ ਆਪਣਾ ਕਲਿਆਣ ਹੋ ਜਾਂਦਾ ਹੈ। ਉਹਨਾਂ ਦੇ ਆਪਣੇ ਵਿਗੜੇ ਹੋਏ ਕੰਮ ਠੀਕ ਹੋ ਜਾਂਦੇ ਹਨ। ਜਿਸ ਤਰ੍ਹਾਂ ਅਸੀਂ ਗੁਰੂ ਦੀ ਸੋਭਾ ਕਰ ਰਹੇ ਹਾਂ ਅਤੇ ਗੁਰੂ ਸਾਡੇ ਉੱਪਰ ਬਖਸ਼ਿਸ਼ ਕਰ ਰਹੇ ਹਨ

**ਸਾਹੁ ਪਜੂਤਾ ਪ੍ਰਣਵਤਿ**

**ਨਾਨਕ ਲੇਖਾ ਦੇਹਾ॥ ੪॥ ੧॥ ੩੪॥**

ਹਜ਼ੂਰ ਫੁਰਮਾਉਂਦੇ ਹਨ ਕਿ ਅਸੀਂ ਜੋ ਵੀ ਅਤੇ ਜਿੱਦਾ ਦਾ ਵੀ ਕਰਮ ਕਰਨਾ ਹੈ ਉਸ ਦਾ ਲੇਖਾ ਦੇਣਾ ਪੈਣਾ ਹੈ

*ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ॥*

*(ਅੰਗ 1020)*

ਤਥਾ

*ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ॥*

*(ਅੰਗ 1106)*

ਇਸ ਕਰਕੇ

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥*

*(ਅੰਗ 918)*

ਕੋਈ ਐਸਾ ਕੰਮ ਨਹੀਂ ਕਰਨਾ ਚਾਹੀਦਾ ਜਿਸ ਦਾ ਬਾਅਦ ਵਿੱਚ ਪਛਤਾਵਾ ਕਰਨਾ ਪਵੇ।

# ਸਤਿਸੰਗ

**॥ ਆਸਾ ਮਹਲਾ ੧॥ (ਅੰਗ 437)**

**ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*

*(ਅੰਗ 1395)*

ਦੇ ਉਚਾਰਨ ਕੀਤੇ ਮਹਾਂਵਾਕ ਵਿਚੋਂ ਹੁਕਮਨਾਮਾ ਆਇਆ ਹੈ। ਸਾਨੂੰ ਸੰਗਤ ਪੁੱਛਦੀ ਹੈ ਕਿ ਜਦੋਂ ਤਨ ਬਿਨਸ ਜਾਂਦਾ ਹੈ ਤਦ ਮਨ ਕਿੱਥੇ ਜਾਂਦਾ ਹੈ। ਹਜ਼ੂਰ ਪਹਿਲੇ ਪਾਤਿਸ਼ਾਹ ਜੀ ਨੇ ਇਸ ਹੁਕਮਨਾਮੇ ਵਿੱਚ ਮਨ ਬਾਰੇ ਹੀ ਭੇਦ ਬਖਸ਼ਿਸ਼ ਕੀਤਾ ਹੈ।

*ਮਨ ਹੀ ਤੇ ਮਨੁ ਮਾਨਿਆ ਗੁਰ ਕੈ ਸਬਦਿ ਅਪਾਰਿ॥*

*(ਅੰਗ 587)*

ਜਿਸ ਤਰ੍ਹਾਂ ਗੁਰਬਾਣੀ ਦਾ ਫੁਰਮਾਨ ਹੈ ਕਿ

*ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥*

*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥ ੧॥*

*(ਅੰਗ 283)*

ਇਸੇ ਤਰ੍ਹਾਂ

*ਇਸ ਮਨ ਕਾ ਰੂਪ ਰੇਖ ਨ ਭਾਈ।*

ਜਦੋਂ ਇੱਕ ਦੇਹੀ ਬਿਨਸਦੀ ਹੈ ਮਨ ਦੂਸਰੀ ਦੇਹੀ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਜਿਸ ਤਰ੍ਹਾਂ ਉਹ ਰੱਬ, ਵਾਹਿਗੁਰੂ, ਅੱਲਾਹ, ਗਾਡ, ਰਾਮ ਦਾ ਕੋਈ ਰੂਪ ਨਹੀਂ ਹੈ ਇਸ ਤਰ੍ਹਾਂ ਇਸ ਮਨ ਦਾ ਵੀ ਕੋਈ ਰੂਪ ਨਹੀਂ ਹੈ। ਅੰਦਰ ਬੈਠਾ ਦਿਸਦਾ ਨਹੀਂ ਹੈ ਪਰ ਬਾਂਦਰ ਵਾਂਗ ਟਪੂਸੀਆਂ ਮਰਵਾਈ ਜਾਂਦਾ ਹੈ। ਹਜ਼ੂਰ ਫੁਰਮਾਉਂਦੇ ਹਨ ਕਿ ਮੇਰਾ ਮਨ, ਮਨ ਨਾਲ ਹੀ ਮੰਨਿਆ ਹੈ।

**ਸਚੁ ਸਾਹਿਬੋ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ॥**

ਉਹ ਸੱਚੀ ਤਾਕਤ ਜੋ ਜੁਗਾਂ ਤੋਂ ਇੱਕ ਚਲੀ ਆ ਰਹੀ ਹੈ ਜੋ

*ਆਦਿ ਸਚੁ ਜੁਗਾਦਿ ਸਚੁ॥*

*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ (ਅੰਗ 1)*

ਹੈ ਅਤੇ ਜਿਸ ਦਾ ਅਜੇ ਤੱਕ ਕੋਈ ਭੇਦ ਨਹੀਂ ਪਾ ਸਕਿਆ ਅਰਥਾਤ ਅਪਰੰਪਰ ਪਰ੍ਹੇ ਤੋਂ ਪਰ੍ਹੇ ਹੈ! ਉਹ ਤਾਕਤ ਆਪ ਤਨ ਅੰਦਰ ਨਿਵਾਸ ਕਰਕੇ ਮਨ ਉੱਪਰ ਸਵਾਰੀ ਕਰੇ!

*ਮਨ ਕੇ ਹਾਰੇ ਹਾਰ ਗਏ ਬ੍ਰਹਮਾ ਵਿਸ਼ਨੂੰ ਮਹੇਸ।*

*ਮਨ ਕੇ ਮਤੇ ਨ ਚਾਲੀਏ ਮਨ ਕੇ ਫੰਧ ਅਨੇਕ।*

*ਜੋ ਮਨ ਪਰ ਸਵਾਰ ਹੈ ਸੋ ਵਿਰਲਾ ਕੋਈ ਏਕ।*

ਦੇਵੀ ਦੇਵਤੇ, ਬ੍ਰਹਮਾ, ਵਿਸ਼ਨੂੰ, ਮਹੇਸ਼ ਜਾਂ ਜੋ ਕੋਈ ਵੀ ਹੈ ਸਭ ਉੱਪਰ ਉਹ ਤਾਕਤ ਬਿਰਾਜਮਾਨ ਹੈ। ਸੋਈ ਉਸੇ ਜੀਵ ਦਾ ਮਨ ਮੰਨੇਗਾ ਜਿਸ ਉੱਪਰ ਗੁਰੂ ਦੀ ਕਿਰਪਾ ਹੋਵੇਗੀ। ਗੁਰੂ ਦੀ ਕਿਰਪਾ ਹੋਣ ਨਾਲ ਪੁੱਠੇ ਪਾਸੇ ਜਾਣ ਵਾਲਾ ਮਨ ਵੀ ਸਿੱਧੇ ਪਾਸੇ ਲੱਗ ਜਾਂਦਾ ਹੈ।

ਤੁਹਾਨੂੰ ਇੱਕ ਹੋਰ ਗੱਲ ਦੱਸ ਦਿੰਦੇ ਹਾਂ ਕਿ ਜਿਹੜਾ ਮਨ ਸਾਡੇ ਵਿੱਚ ਹੈ ਉਹੋ ਹੀ ਤੁਹਾਡੇ ਵਿੱਚ ਹੈ। ਸਾਡੇ ਸਾਰਿਆਂ ਵਿੱਚੋਂ ਇਕੋ ਹੀ ਹੈ ਜਿਸ ਨੇ ਮਨ ਨੂੰ ਜਿੱਤ ਲਿਆ ਹੈ। ਉਸ ਨੂੰ ਜਦੋਂ ਮਾਲਿਕ ਇਸ਼ਾਰਾ ਕਰਨਗੇ ਤਾਂ ਉਹ ਜਿਸ ਨੂੰ ਵੀ ਪ੍ਰਸ਼ਾਦ ਦੇਵੇਗਾ ਉਸ ਦਾ ਵੀ ਮਨ ਜਿੱਤਿਆ ਜਾਵੇਗਾ। ਸਭ ਦੇ ਮਨ ਜਿੱਤੇ ਜਾਣਗੇ। ਹਜ਼ੂਰ ਪਹਿਲੇ ਪਾਤਿਸ਼ਾਹ ਜੀ ਫੁਰਮਾਨ ਕਰ ਰਹੇ ਹਨ ਕਿ ਮੇਰੇ ਸਤਿਗੁਰ ਨੇ ਮੇਰੇ ਉੱਪਰ ਕਿਰਪਾ ਕਰਕੇ ਮੇਰੇ ਮਨ ਨੂੰ ਸਿੱਧੇ ਰਸਤੇ ਪਾ ਲਿਆ ਹੈ।

**ਅਗਮ ਅਗੋਚਰੁ ਅਪਰ ਅਪਾਰਾ**

**ਪਾਰਬ੍ਰਹਮੁ ਪਰਧਾਨੋ ॥**

ਜਿਸ ਤਾਕਤ ਦੀ ਕੋਈ ਗੰਮਤਾ ਨਹੀਂ ਪਾ ਸਕਿਆ, ਭੇਦ ਨਹੀਂ ਲੈ ਸਕਿਆ ਉਹ ਤਾਕਤ ਪਰ੍ਹੇ ਤੋਂ ਪਰ੍ਹੇ ਹੈ। ਉਸ ਨੂੰ ਕੋਈ ਰਾਮ, ਕੋਈ ਅੱਲਾਹ, ਕੋਈ ਗਾਡ, ਵਾਹਿਗੁਰੂ, ਰਮਈਆ, ਗੁਸਈਆ, ਕੋਈ ਮਾਧੋ ਕਹਿ ਕੇ ਪੁਕਾਰਦਾ ਹੈ। ਉਸ ਦੇ ਨਾਮ ਅਲੱਗ ਅਲੱਗ ਰੱਖੇ ਹੋਏ ਹਨ। ਉਸ ਤਾਕਤ ਨੂੰ ਜਿਹੜੇ ਨਾਮ ਨਾਲ ਮਰਜੀ ਪੁਕਾਰੋ ਉਹ ਉਸੇ ਨਾਮ ਨਾਲ ਬੋਲ ਪੈਂਦੀ ਹੈ। ਜਿਸ ਤਰ੍ਹਾਂ ਕਿਸੇ ਜੱਟ ਨੇ ਸ਼ਿਵ ਜੀ ਮਹਾਰਾਜ ਨੂੰ ਜੈ ਜਕੜਬੰਦ, ਜੈ ਜਕੜਬੰਦ ਕਰਕੇ ਪੁਕਾਰਿਆ ਸੀ ਤੇ ਸ਼ਿਵ ਜੀ ਮਹਾਰਾਜ ਉਸ ਨੂੰ ਦਰਸ਼ਨ ਦੇਣ ਲਈ ਆ ਗਏ ਸਨ। ਕਿਉਂਕਿ

*ਤੁਲਸੀ ਅਪਨੇ ਪੀਵ ਕੋ ਰੀਝ ਭਜੋ ਚਾਹੇ ਖੀਝ।*

*ਖੇਤ ਪੜੇ ਸਭ ਉਗੇਂਗੇ ਉਲਟੇ ਸੀਧੇ ਬੀਜ।*

ਜੱਟ ਖੇਤ ਵਿੱਚ ਦਾਣਿਆ ਦਾ ਛੱਟਾ ਦਿੰਦਾ ਹੈ ਤਾਂ ਉਲਟਾ ਦਾਣਾ ਵੀ ਅਤੇ ਸਿੱਧਾ ਦਾਣਾ ਵੀ ਉੱਗ ਪੈਂਦਾ ਹੈ। ਇਸ ਤਰ੍ਹਾਂ ਤੁਸੀਂ ਉਸ ਮਾਲਿਕ ਨੂੰ ਚੇਤੇ ਕਰੋ ਚਾਹੇ ਕਿਸੇ ਵੀ ਨਾਮ ਨਾਲ ਪੁਕਾਰ ਲਵੋ।

**ਆਦਿ ਜੁਗਾਦੀ ਹੈ ਭੀ ਹੋਸੀ**

**ਅਵਰੁ ਝੂਠਾ ਸਭੁ ਮਾਨੋ ॥**

ਉਹ ਤਾਕਤ ਆਦਿ ਜੁਗਾਦਿ ਤੋਂ ਚਲੀ ਆ ਰਹੀ ਹੈ ਪਰ ਉਦੋਂ ਪਤਾ ਨਹੀਂ ਕਿਹੜਾ ਨਾਮ ਲੈ ਕੇ ਪੁਕਾਰਦੇ ਸਨ।

ਪਹਿਲਾਂ ਜਿਸ ਜੀਵ ਦੇ ਦੋ ਤਿੰਨ ਭਰਾ ਹੁੰਦੇ ਸਨ ਜਦੋਂ ਉਸਦਾ ਵਿਆਹ ਹੋਣਾ ਤਾਂ ਉਸ ਦੇ ਭਰਾਵਾਂ ਨੇ ਉਸ ਦੀ ਪਤਨੀ ਨੂੰ ਭਾਬੀ ਕਹਿ ਕੇ ਪੁਕਾਰਨਾ। ਉਸ ਦੇ ਬੱਚਿਆਂ ਨੇ ਵੀ ਚਾਚਿਆਂ ਵੱਲ ਦੇਖ ਕੇ ਭਾਬੀ ਕਹਿਣ ਲੱਗ ਪੈਣਾ। ਸਾਡੇ ਮਾਤਾ ਜੀ ਨੂੰ ਵੀ ਅੱਧਾ ਪਿੰਡ ਭਾਬੀ ਕਹਿ ਕੇ ਬੁਲਾਉਂਦਾ ਸੀ। ਸਾਡੇ ਬਾਪੂ ਜੀ ਵੱਡੇ ਸਨ ਅਤੇ ਚਾਚੇ ਛੋਟੇ ਸਨ। ਸਾਡੇ ਮਾਤਾ ਜੀ ਇੱਕ ਸੌ ਇੱਕ ਸਾਲ ਤੋਂ ਵੱਧ ਉਮਰ ਦੇ ਸਨ। ਉਹਨਾਂ ਨੂੰ ਬਾਰਾਂ ਸਾਲ ਦੇ ਬੱਚਿਆਂ ਨੇ ਵੀ ਭਾਬੀ ਕਹਿਣਾ, ਪੰਜਾਹ ਸਾਲ, ਸੱਠ ਸਾਲ, ਅੱਸੀ ਸਾਲ ਦੇ ਜੀਵ ਵੀ ਭਾਬੀ ਕਹਿ ਕੇ ਬੁਲਾਉਂਦੇ ਸਨ। ਸਾਡੇ ਮਾਤਾ ਜੀ ਸਾਨੂੰ ਕਹਿਣ ਲੱਗੇ ਪੁੱਤਰ! ਤੁਸੀਂ ਵੀ ਛੋਟੇ ਹੁੰਦੇ ਭਾਬੀ ਕਹਿ ਕੇ ਬੁਲਾਉਂਦੇ ਸੀ। ਫੇਰ ਬੱਚੇ ਪਹਿਲਾਂ ਬੀਬੀ ਜੀ ਕਹਿਣ ਲੱਗ ਪਏ, ਫੇਰ ਮੰਮੀ ਕਹਿਣ ਲੱਗ ਪਏ, ਕੋਈ ਝਾਈ ਕਹਿੰਦਾ ਸੀ। ਅੱਜ ਕਲ ਮੌਮ ਅਤੇ ਡੈਡ ਕਹਿ ਕੇ ਬੁਲਾਉਂਦੇ ਹਨ। ਇਸ ਤਰ੍ਹਾਂ ਰੱਬ ਦਾ ਨਾਮ ਉਸ ਦੇ ਭਗਤ ਜੁਗਾਂ ਤੋਂ ਬਦਲ ਬਦਲ ਕੇ ਪਤਾ ਨਹੀਂ ਕੀ ਕੀ ਰੱਖਦੇ ਆਏ ਹਨ। ਭਗਤਾਂ ਨੇ ਉਸ ਤਾਕਤ ਨੂੰ ਕਿਤੇ ਬੀਠਲਾ, ਕਿਤੇ ਰਮਈਆ, ਕਿਤੇ ਗੁਸਈਆ ਕਿਹਾ।

**ਕਰਮ ਧਰਮ ਕੀ ਸਾਰ ਨ ਜਾਣੈ**

**ਸੁਰਤਿ ਮੁਕਤਿ ਕਿਉ ਪਾਈਐ ॥**

ਵੱਖੋ ਵੱਖ ਜਾਤੀਆਂ ਦੇ ਪ੍ਰਭੂ ਵੱਖਰੇ ਵੱਖਰੇ ਨਹੀਂ ਹਨ। ਉਹ ਸਾਰਿਆਂ ਦੇ ਇਕੋ ਹੀ ਹਨ।

God is One We are thy Children.

ਤਥਾ

*ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥*

*(ਅੰਗ 611)*

ਇਹ ਜਾਤਾਂ ਪਾਤਾਂ ਸਭ ਮੰਨੂੰ ਦੀਆਂ ਬਣਾਈਆਂ ਹੋਈਆਂ ਹਨ। ਉਸ ਨੇ ਜਿਹੜੇ ਜੀਵ ਜੋੜੇ ਗੰਢਦੇ ਸਨ ਉਹਨਾਂ ਨੂੰ ਚਮਿਆਰ ਬਣਾ ਦਿੱਤਾ। ਜਿਹੜੇ ਖੇਤੀ ਕਰਦੇ ਸਨ ਉਹਨਾਂ ਨੂੰ ਵੈਸ਼ ਬਣਾ ਦਿੱਤਾ। ਜਿਹੜੇ ਪੜ੍ਹਦੇ ਸਨ ਉਹਨਾਂ ਨੂੰ ਪੰਡਿਤ ਬਣਾ ਦਿੱਤਾ। ਜਿਹੜੇ ਲੜਾਈਆਂ ਲੜਦੇ ਸਨ ਉਹਨਾਂ ਨੂੰ ਕਸ਼ੱਤਰੀ ਬਣਾ ਦਿੱਤਾ। ਉਂਝ ਹਰ ਜੀਵ ਮਾਂ ਦੇ ਪੇਟ 'ਚੋਂ ਇਨਸਾਨ ਹੀ ਜੰਮਦਾ ਹੈ।

**ਨਾਨਕ ਗੁਰਮੁਖਿ ਸਬਦਿ ਪਛਾਣੈ**

**ਅਹਿਨਿਸਿ ਨਾਮੁ ਧਿਆਈਐ॥ ੧॥**

ਗੁਰਮੁਖ ਉਹ ਹੈ ਜੋ ਸ਼ਬਦ ਦਾ ਭੇਦ ਜਾਣ ਲੈਂਦਾ ਹੈ ਅਤੇ ਸਦਾ

ਦਿਲੋਂ ਨਾਮ ਦਾ ਜਾਪ ਕਰਦਾ ਹੈ।

**ਮੇਰਾ ਮਨੋ ਮੇਰਾ ਮਨੁ ਮਾਨਿਆ ਨਾਮੁ ਸਖਾਈ ਰਾਮ॥**

ਹਜ਼ੂਰ ਫੁਰਮਾਉਂਦੇ ਹਨ ਕਿ ਐ ਦੁਨੀਆਂ ਵਾਲਿਓ! ਉਸ ਤਾਕਤ ਨੇ ਮੇਰੇ ਮਨ ਉੱਪਰ ਕੰਟਰੌਲ ਕੀਤਾ। ਜਦੋਂ ਮੈਂ ਮਾਲਿਕ ਦਾ ਆਸਰਾ ਲੈ ਕੇ ਮਨ ਤੇ ਕੰਟਰੌਲ ਕੀਤਾ ਤਾਂ ਜਿਹੜੇ ਸੰਗਤ ਕਰਦੇ ਸੀ ਉਹਨਾਂ ਦੇ ਮਨ ਉੱਪਰ ਵੀ ਕੰਟਰੌਲ ਹੋ ਗਿਆ।

*ਬਦਹੁ ਕੀ ਨ ਹੋਡ ਮਾਧਉ ਮੋ ਸਿਉ।*
*ਠਾਕੁਰ ਤੇ ਜਨੁ ਜਨ ਤੇ ਠਾਕੁਰੁ*
*ਖੇਲੁ ਪਰਿਓ ਹੈ ਤੋ ਸਿਉ॥ ੧॥ (ਅੰਗ 1252)*

ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਠਾਕੁਰ ਸਨ ਭਾਈ ਲਹਿਣਾ ਜੀ ਉਹਨਾਂ ਦੀ ਸੰਗਤ ਵਿੱਚ ਜਨ ਬਣ ਕੇ ਆਏ ਅਤੇ ਠਾਕੁਰ ਬਣ ਗਏ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਹਜ਼ੂਰ ਦੂਸਰੇ ਪਾਤਿਸ਼ਾਹ ਜੀ ਦੀ ਸੰਗਤ ਵਿੱਚ ਜਨ ਬਣ ਕੇ ਆਏ ਤਾਂ ਠਾਕੁਰ ਬਣ ਗਏ। ਇਸੇ ਤਰ੍ਹਾਂ ਦੀਵੇ ਤੋਂ ਦੀਵਾ, ਜੋਤ ਤੋਂ ਜੋਤ ਜਗਦੀ ਹੈ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਫੁਰਮਾਉਂਦੇ ਹਨ ਕਿ ਉਹ ਪੂਰਨ ਤਾਕਤ ਅਗਰ ਕਿਸੇ ਦੇ ਮਨ ਉੱਪਰ ਕੰਟਰੌਲ ਕਰ ਦੇਵੇ ਤਾਂ ਉਹ ਕੰਟਰੌਲ ਹੋਇਆ ਮਨ ਉਸ ਤਾਕਤ ਦਾ ਸਹਾਰਾ ਲੈ ਕੇ ਅੱਗੇ ਬਖਸ਼ਿਸ਼ ਕਰੇ ਫੇਰ ਉਸ ਨੂੰ ਕੋਈ ਕਮੀ ਨਹੀਂ ਆਉਂਦੀ। ਵਰਨਾ ਖੁਦ ਜੀਵ ਇੱਕ ਦੋ ਦਾ ਮਨ ਹੀ ਕੰਟਰੌਲ ਕਰ ਸਕਦਾ ਹੈ, ਵੈਸੇ ਤਾਂ ਇੱਕ ਦੋ ਦਾ ਮਨ ਵੀ ਕੰਟਰੌਲ ਨਹੀਂ ਹੋਣਾ ਹੈ। ਹਜ਼ੂਰ ਫੁਰਮਾਉਂਦੇ ਹਨ ਕਿ ਮੇਰਾ ਮਨ ਮਾਲਿਕ ਨੇ ਕੰਟਰੌਲ ਕੀਤਾ ਹੈ ਮੈਂ ਅਗਾਂਹ ਜਿਸ ਦਾ ਵੀ ਨਾਮ ਲੈ ਕੇ ਬੇਨਤੀ ਕੀਤੀ ਉਸੇ ਦਾ ਮਨ ਕੰਟਰੌਲ ਹੋ ਗਿਆ। ਇਸ ਤਰ੍ਹਾਂ ਸੰਗਤ ਉੱਪਰ ਬਖਸ਼ਿਸ਼ ਹੁੰਦੀ ਹੈ।

**ਹਉਮੈ ਮਮਤਾ ਮਾਇਆ ਸੰਗਿ ਨ ਜਾਈ ਰਾਮ॥**

ਹਉਮੈ, ਮਮਤਾ ਅਤੇ ਮਾਇਆ ਨੇ ਮਰਨ ਸਮੇਂ ਸਾਡੇ ਨਾਲ ਨਹੀਂ ਜਾਣਾ। ਇਹ ਇੱਥੇ ਹੀ ਮਿਲੀਆਂ, ਇੱਥੇ ਹੀ ਰਿਸ਼ਤੇਦਾਰ ਬਣੇ, ਭੈਣ ਭਰਾ ਬਣੇ, ਦੁਨਿਆਵੀ ਅਤੇ ਦਰਗਾਹੀ ਨਾਤੇ ਬਣੇ ਅਸੀਂ ਸਭ ਨੂੰ ਇੱਥੇ ਹੀ ਛੱਡ ਕੇ ਚਲੇ ਜਾਣਾ ਹੈ।

**ਮਾਤਾ ਪਿਤ ਭਾਈ ਸੁਤ ਚਤੁਰਾਈ**
**ਸੰਗਿ ਨ ਸੰਪੈ ਨਾਰੇ॥**

ਮਰਨ ਸਮੇਂ ਜੀਵ ਦੇ ਨਾਲ ਕੋਈ ਪਤੀ, ਪਤਨੀ, ਧੀਆਂ, ਪੁੱਤਰ, ਮਾਤਾ, ਪਿਤਾ, ਭੈਣ, ਭਰਾ, ਰਿਸ਼ਤੇਦਾਰ ਕੋਈ ਵੀ ਨਾਲ ਨਹੀਂ ਦੱਲਦਾ। ਦੋ ਚਾਰ ਮਿੰਟ ਵਰਲਾਪ ਕਰਦੇ ਹਨ ਫੇਰ ਭੁੱਲ ਜਾਂਦੇ ਹਨ। ਅੱਜ ਕੱਲ ਤਾਂ ਬਾਅਦ ਵਿੱਚ ਕੀ ਉਸੇ ਵਕਤ ਭੁੱਲ ਜਾਂਦੇ ਹਨ।

*ਸਭ ਕਿਛੁ ਜੀਵਤ ਕੋ ਬਿਵਹਾਰ॥*
*ਮਾਤ ਪਿਤਾ ਭਾਈ ਸੁਤ ਬੰਧਪ*
*ਅਰੁ ਫੁਨਿ ਗ੍ਰਿਹ ਕੀ ਨਾਰਿ॥ ੧॥ ਰਹਾਉ॥ ..........*
*ਆਧ ਘਰੀ ਕੋਊ ਨਹਿ ਰਾਖੈ*
*ਘਰ ਤੇ ਦੇਤ ਨਿਕਾਰਿ॥ ੧॥ (ਅੰਗ 536)*

ਇਸ ਤਰ੍ਹਾਂ ਕੋਈ ਵੀ ਕਿਸੇ ਦੇ ਨਾਲ ਨਹੀਂ ਜਾਂਦਾ।

**ਸਾਇਰ ਕੀ ਪੁਤ੍ਰੀ ਪਰਹਰਿ ਤਿਆਗੀ**
**ਚਰਣ ਤਲੈ ਵੀਚਾਰੇ॥**

ਹਜ਼ੂਰ ਫੁਰਮਾਉਂਦੇ ਹਨ ਕਿ ਚਾਹੇ ਕੋਈ ਬਾਦਸ਼ਾਹ ਹੈ, ਲਿਖਾਰੀ, ਕਵੀ ਜਾਂ ਕੋਈ ਵੀ ਹੋਵੇ ਕਿਸੇ ਨੇ ਵੀ ਆਪਣੀ ਲੜਕੀ ਘਰ ਨਹੀਂ ਰੱਖੀ ਕਿਉਂਕਿ ਲੜਕੀ ਦਾ ਅਸਲੀ ਘਰ ਸਹੁਰਿਆਂ ਦਾ ਘਰ ਹੁੰਦਾ ਹੈ। ਉਸ ਨਾਲ ਪੇਕੇ ਘਰ ਵਿੱਚ ਲਾਡ ਲਡਾਇਆ ਜਾਂਦਾ ਹੈ ਪਰ ਉਹ ਪੇਕੇ ਘਰ ਵਿੱਚ ਵਿਚਾਰੀ ਹੁੰਦੀ ਹੈ। ਜਦੋਂ ਉਸ ਦਾ ਸੰਜੋਗ ਜੁੜਦਾ ਹੈ ਉਹ ਆਪਣੇ ਘਰ ਚਲੀ ਜਾਂਦੀ ਹੈ। ਇਸ ਤਰ੍ਹਾਂ ਸਾਡਾ ਸਾਰੇ ਜੀਵਾਂ ਦਾ ਅਸਲੀ ਘਰ ਪ੍ਰਮਾਤਮਾ ਦਾ ਘਰ ਹੈ। ਇਥੇ ਤਾਂ

*ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ॥*
*ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ॥੧॥*
*(ਅੰਗ 50)*

ਜਿਸ ਤਰ੍ਹਾਂ ਮੱਝ ਜਾਂ ਗਾਂ ਜਦੋਂ ਕਿਸੇ ਕੋਲ ਪਾਲਣ ਵਾਸਤੇ ਛੱਡੀ ਜਾਂਦੀ ਹੈ ਅਤੇ ਜਦੋਂ ਉਹ ਸੂਣ ਵਾਲੀ ਹੋ ਜਾਂਦੀ ਹੈ ਜਾਂ ਸੂ ਪੈਂਦੀ ਹੈ ਤਾਂ ਮਾਲਿਕ ਉਸ ਦਾ ਹਦਿਆਰਾ ਪਾ ਕੇ ਪੈਸੇ ਦੇ ਕੇ ਉਸ ਨੂੰ ਆਪਣੇ ਘਰ ਲੈ ਆਉਂਦਾ ਹੈ ਜਾਂ ਪਾਲਣ ਵਾਲੇ ਕੋਲੋਂ ਪੈਸੇ ਲੈ ਕੇ ਉਸ ਨੂੰ ਪੱਕੀ ਦੇ ਆਉਂਦਾ ਹੈ। ਇਸ ਤਰ੍ਹਾਂ ਇਸ ਦੁਨੀਆਂ ਨੂੰ ਅਸੀਂ ਇੱਕ ਫਿਲਮ ਦੀ ਤਰ੍ਹਾਂ ਦੇਖ ਰਹੇ ਹਾਂ। ਇਸ ਵਿੱਚ ਕੋਈ ਡਾਇਰੈਕਟਰ, ਕੋਈ ਹੀਰੋ, ਕੋਈ ਸਾਈਡ ਹੀਰੋ ਅਤੇ ਕੋਈ ਵਿਲੇਨ ਦਾ ਰੋਲ ਕਰ ਰਿਹਾ ਹੈ। ਅਸੀਂ ਇੱਥੇ ਜੀਵਨ ਨੂੰ ਬਹੁਤ ਵੱਡਾ ਸਮਝ ਕੇ ਤੁਰੇ ਫਿਰਦੇ ਹਨ। ਪਰ ਮਾਲਿਕ ਨੇ ਸਾਨੂੰ ਮਾਨਸ ਜਨਮ ਦਿੱਤਾ ਹੈ, ਅੱਛੇ ਘਰ ਵਿੱਚ ਦਿੱਤਾ ਹੈ, ਸੋਹਣਾ ਸਰੀਰ ਦਿੱਤਾ ਹੈ ਸਾਨੂੰ ਇਸ ਦਾ ਲਾਹਾ ਲੈਣਾ ਚਾਹੀਦਾ ਹੈ। ਜੋ ਜਵਾਨ ਬੀਬੀਆਂ ਅਤੇ ਪੁਰਸ਼ ਬੈਠੇ ਹਨ ਉਹ ਪਤੀ ਪਤਨੀ ਘਰ ਵਿੱਚ ਸਲੂਕ ਇਤਿਫਾਕ ਨਾਲ ਗ੍ਰਿਹਸਤੀ ਜੀਵਨ ਬਤੀਤ ਕਰਿਆ ਕਰੋ। ਬਾਹਰ ਘੁੰਮਣ ਜਾਇਆ ਕਰੋ, ਬੱਚਿਆਂ ਨੂੰ ਪਾਰਕ ਲੈ ਕੇ ਜਾਇਆ ਕਰੋ। ਪਰ ਤੁਸੀਂ ਇਸ ਸਮੇਂ ਨੂੰ ਆਪਸ ਵਿੱਚ ਲੜ ਝਗੜ ਕੇ ਬਤੀਤ ਕਰ ਲੈਂਦੇ ਹੋ। ਜਾਂ ਕਈ ਜੀਵ ਕਹਿੰਦੇ ਹਨ ਕਿ ਵਿਆਹ ਤੋਂ ਬਾਅਦ ਜਲਦੀ ਬੱਚੇ ਪੈਦਾ ਨਹੀਂ ਕਰਨੇ। ਅਗਰ ਤੁਸੀ ਪਿਛਲੀ ਉਮਰੇ ਬੱਚੇ ਜੰਮੋਗੇ ਤਾਂ

ਉਹ ਗਾਲਾਂ ਕੱਢ ਕੇ ਭੱਜ ਜਾਂਦੇ ਹਨ। ਮਾਤਾ ਪਿਤਾ ਕੋਲੋਂ ਫੜੇ ਵੀ ਨਹੀਂ ਜਾਂਦੇ। ਹਰ ਕੰਮ ਵੇਲੇ ਨਾਲ ਕਰਨਾ ਚਾਹੀਦਾ ਹੈ ਕਿਉਂਕਿ

*ਵੇਲੇ ਦੀ ਨਮਾਜ ਕੁਵੇਲੇ ਦੀਆਂ ਟੱਕਰਾਂ।*

ਸਾਨੂੰ ਜਿੰਦਗੀ ਵਿੱਚ ਹਰ ਸਮਾਂ ਖੁਸ਼ੀ ਨਾਲ ਬਤੀਤ ਕਰਨਾ ਚਾਹੀਦਾ ਹੈ। ਜਵਾਨੀ ਸਮੇਂ ਗ੍ਰਿਹਸਤੀ ਜੀਵਨ ਵਧੀਆ ਬਤੀਤ ਕਰੋ, ਆਪਣੇ ਕਾਰ ਵਿਹਾਰ ਕਰੋ, ਫੇਰ ਪਿਛਲੀ ਉਮਰ ਵਿੱਚ ਬੰਦਗੀ ਜਰੂਰ ਕਰੋ ਇਹ ਜਿੰਦਗੀ ਬਤੀਤ ਕਰਨ ਦਾ ਸਹੀ ਢੰਗ ਹੈ।

**ਆਦਿ ਪੁਰਖਿ ਇਕੁ ਚਲਤੁ ਦਿਖਾਇਆ**
**ਜਹ ਦੇਖਾ ਤਹ ਸੋਈ॥**

ਉਹ ਆਦਿ ਤਾਕਤ ਨੇ ਮੈਨੂੰ ਇੱਕ ਕ੍ਰਿਸ਼ਮਾ ਦਿਖਾਇਆ ਕਿ ਮੈਂ ਜਿੱਧਰ ਵੀ ਦੇਖਦਾ ਹਾਂ ਮੈਨੂੰ ਆਪਣੇ ਸਤਿਗੁਰ ਨਜਰ ਆਉਂਦੇ ਹਨ। ਫੇਰ ਮਾਤਾ ਪਿਤਾ, ਭੈਣ, ਭਰਾ, ਧੀ, ਪੁੱਤਰ ਸਭ ਵਿੱਚ ਮਾਲਿਕ ਨਜਰ ਆਉਂਦੇ ਹਨ।

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥*
*ਰਾਮ ਬਿਨਾ ਕੋ ਬੋਲੈ ਰੇ॥੧॥ (ਅੰਗ 988)*

ਤਥਾ

*ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ॥*
*(ਅੰਗ 485)*

**ਨਾਨਕ ਹਰਿ ਕੀ ਭਗਤਿ ਨ ਛੋਡਉ**
**ਸਹਜੇ ਹੋਇ ਸੁ ਹੋਈ॥ ੨॥**

ਹਜ਼ੂਰ ਫੁਰਮਾਉਂਦੇ ਹਨ ਕਿ ਤੁਸੀਂ ਜਿਸ ਵੀ ਹਾਲਤ ਵਿੱਚ ਹੋ ਸਿਮਰਨ ਕਰੀ ਜਾਵੋ।

ਤਿਲੋਚਨ ਪੰਡਿਤ ਨੇ ਸੰਤ ਨਾਮਦੇਵ ਜੀ ਨੂੰ ਪੁੱਛਿਆ ਸੀ ਕਿ ਤੂੰ ਤਾਂ ਦੁਨੀਆਂ ਦੇ ਗੰਦੇ ਕੱਪੜੇ ਧੋਂਦਾ ਰਹਿੰਦਾ ਏਂ। ਫੇਰ ਤੂੰ ਸਿਮਰਨ ਕਿਸ ਸਮੇਂ ਕਰਦਾ ਹੈ? ਤਾਂ ਸੰਤ ਨਾਮ ਦੇਵ ਜੀ ਨੇ ਫੁਰਮਾਨ ਕੀਤਾ ਕਿ

*ਨਾਮਾ ਕਹੈ ਤਿਲੋਚਨਾ*
*ਮੁਖ ਤੇ ਰਾਮੁ ਸੰਮ੍ਹਾਲਿ॥*
*ਹਾਥ ਪਾਉ ਕਰਿ ਕਾਮੁ ਸਭੁ*
*ਚੀਤੁ ਨਿਰੰਜਨ ਨਾਲਿ॥ ੨੧੩॥*

*(ਅੰਗ 1375-76)*

ਜਦੋਂ ਜਾਬ ਤੇ ਜਾਂਦੇ ਹੋ ਸਿਮਰਨ ਕਰਦੇ ਜਾਵੋ। ਤੁਹਾਡਾ ਐਕਸੀਡੈਂਟ ਨਹੀਂ ਹੋਵੇਗਾ, ਤੁਸੀਂ ਸੁਰੱਖਿਅਤ ਰਹੋਗੇ, ਤੁਹਾਡਾ ਖਿਆਲ ਸੱਜੇ ਖੱਬੇ ਨਹੀਂ ਜਾਵੇਗਾ। ਜੇਕਰ ਤੁਸੀਂ ਸਿਮਰਨ ਕਰ ਰਹੇ ਹੋਵੋਗੇ ਫੇਰ ਤੁਸੀਂ ਗੱਡੀ ਓਵਰ ਟੇਕ ਨਹੀਂ ਕਰੋਗੇ, ਤੁਹਾਨੂੰ ਮਾਲਿਕ ਦੇ ਬਚਨ ਚੇਤੇ ਆ ਜਾਣਗੇ ਕਿ

*ਗੁਰਮੁਖ ਹਾਰ ਚਲੇ ਜਗ ਜੀਤਾ॥*

ਤੁਸੀਂ ਉਸ ਨੂੰ ਲੰਘ ਜਾਣ ਦੇਵੋਗੇ ਅਤੇ ਆਪਣੀ ਗੱਡੀ ਪਿੱਛੇ ਕਰ ਲਵੋਗੇ। ਹਮੇਸ਼ਾਂ ਵੇਲੇ ਸਿਰ ਚੱਲੋ, ਵੇਲੇ ਸਿਰ ਪਹੁੰਚੋ ਫੇਰ ਤੁਹਾਨੂੰ ਸਪੀਡ ਵੀ ਨਹੀਂ ਵਧਾਉਣੀ ਪਵੇਗੀ। ਸੋਈ ਸਾਨੂੰ ਭਗਤੀ ਮਾਰਗ ਵਿੱਚ ਰਹਿ ਕੇ ਚੱਲਣਾ ਚਾਹੀਦਾ ਹੈ ਫੇਰ ਮਾਲਿਕ ਜੋ ਵੀ ਕਰਦੇ ਹਨ ਵਧੀਆ ਹੀ ਕਰਦੇ ਹਨ।

# ਸਤਿਸੰਗ

**॥ ਬੈਰਾੜੀ ਮਹਲਾ ੪॥ (ਅੰਗ 720)**

**ਜਪਿ ਮਨ ਹਰਿ ਨਿਰੰਜਨੁ ਨਿਰੰਕਾਰਾ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਉਸ ਤਾਕਤ ਨਿਰੰਜਨ ਭਗਵਾਨ ਅਤੇ ਨਿਰੰਕਾਰਾ ਅਰਥਾਤ ਅਕਾਰ ਤੋਂ ਮੁਕਤ ਤਾਕਤ ਬਾਰੇ ਫੁਰਮਾਨ ਕਰ ਰਹੇ ਹਨ ਕਿ

*ਰੂਪੁ ਨ ਰੇਖ ਨ ਰੰਗੁ ਕਿਛੁ*
*ਤ੍ਰਿਹੁ ਗੁਣ ਤੇ ਪ੍ਰਭ ਭਿੰਨ॥*
*ਤਿਸਹਿ ਬੁਝਾਏ ਨਾਨਕਾ*
*ਜਿਸੁ ਹੋਵੈ ਸੁਪ੍ਰਸੰਨ॥ ੧॥ (ਅੰਗ 283)*

ਹਜ਼ੂਰ ਫੁਰਮਾਉਂਦੇ ਹਨ ਕਿ ਉਸ ਤਾਕਤ ਦਾ ਜਾਪ ਕਰੋ ਜੋ ਦੁਨੀਆਂ ਵਿੱਚ ਬਖਸ਼ਿਸ਼ ਕਰ ਰਹੀ ਹੈ ਲੇਕਿਨ ਨਜਰ ਨਹੀਂ ਆ ਰਹੀ। ਉਸ ਦਾ ਜਾਪ ਕਰਨ ਨਾਲ ਜੋ ਲਾਭ ਹੋਵੇਗਾ ਉਸ ਬਾਰੇ ਹਜ਼ੂਰ ਅੱਗੇ ਭੇਦ ਬਖਸ਼ ਰਹੇ ਹਨ।

**ਸਦਾ ਸਦਾ ਹਰਿ ਧਿਆਈਐ ਸੁਖਦਾਤਾ**
**ਜਾ ਕਾ ਅੰਤੁ ਨ ਪਾਰਾਵਾਰਾ॥ ੧॥ ਰਹਾਉ॥**

ਇੱਕ ਸਿਮਰਨ ਕਰਨਾ ਹੈ ਇੱਕ ਜਾਪ ਕਰਨਾ ਹੈ ਇੱਕ ਅਰਾਧਨਾ

ਕਰਨਾ ਹੈ ਅਤੇ ਇੱਕ ਧਿਆਉਣਾ ਹੈ। ਆਪਣੇ ਸਤਿਗੁਰ ਦਾ ਸਰੂਪ ਅੱਖਾਂ ਅੱਗੇ ਲਿਆ ਕੇ ਜਾਪ ਕਰਨ ਨੂੰ ਧਿਆਉਣਾ ਕਿਹਾ ਗਿਆ ਹੈ। ਉੱਚੀ ਬੋਲ ਕੇ ਜਾਂ ਰੌਲਾ ਪਾ ਕੇ ਜਾਪ ਨਹੀਂ ਕਰਨਾ ਬਲਕਿ

*ਗੁਰ ਕੀ ਮੂਰਤਿ ਮਨ ਮਹਿ ਧਿਆਨੁ॥*

*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥ (ਅੰਗ 864)*

ਆਪਣੇ ਸਤਿਗੁਰ ਦਾ ਧਿਆਨ ਰੱਖ ਕੇ ਮਨ ਵਿੱਚ ਉਸ ਤਾਕਤ ਦਾ ਜਾਪ ਕਰੋ ਜਿਸ ਦਾ ਅਜੇ ਤੱਕ ਕੋਈ ਭੇਦ ਨਹੀਂ ਜਾਣ ਸਕਿਆ। ਜਾਂ ਸਤਿਗੁਰ ਵੱਲੋਂ ਬਖਸ਼ੇ ਹੋਏ ਉਪਦੇਸ਼ ਦਾ ਸਿਮਰਨ ਕਰਨਾ ਚਾਹੀਦਾ ਹੈ।

**ਅਗਨਿ ਕੁੰਟ ਮਹਿ ਉਰਧ ਲਿਵ ਲਾਗਾ**

**ਹਰਿ ਰਾਖੈ ਉਦਰ ਮੰਝਾਰਾ॥**

ਹਜ਼ੂਰ ਫੁਰਮਾਉਂਦੇ ਹਨ ਕਿ ਬੱਚਾ, ਜੀਵ, ਗੁਰਸਿੱਖ ਆਪਣੀ ਮਾਂ ਦੇ ਪੇਟ ਵਿੱਚ ਸਿਰ ਭਾਰ ਹੁੰਦਾ ਹੈ। ਮਾਂ ਦੇ ਪੇਟ ਵਿੱਚ $28^0$ ਦੇ ਲਗਭਗ ਤਾਪਮਾਨ ਹੁੰਦਾ ਹੈ। ਉਥੇ ਕਿਸੇ ਪਾਸਿਓਂ ਦੀ ਹਵਾ ਨਹੀਂ ਆਉਂਦੀ। ਬੱਚਾ ਔਲ ਵਿੱਚ ਹੀ ਰਹਿੰਦਾ ਹੈ ਅਤੇ ਮਾਲਿਕ ਉਸ ਅਗਨੀ ਕੁੰਟ ਵਿੱਚ ਵੀ ਜੀਵ ਦੀ ਰਾਖੀ ਕਰਦੇ ਹਨ।

**ਸੋ ਐਸਾ ਹਰਿ ਸੇਵਹੁ ਮੇਰੇ ਮਨ**

**ਹਰਿ ਅੰਤਿ ਛਡਾਵਣਹਾਰਾ॥ ੧॥**

ਹਜ਼ੂਰ ਫੁਰਮਾਉਂਦੇ ਹਨ ਕਿ ਉਸ ਤਾਕਤ ਦੀ ਸੇਵਨਾ ਕਰੋ ਜੋ ਮਾਤਾ ਦੇ ਗਰਭ ਵਿੱਚ ਵੀ, ਜਨਮ ਲੈਣ ਤੋਂ ਬਾਅਦ ਵੀ ਅਤੇ ਸਾਰਾ ਜੀਵਨ ਅਰਥਾਤ ਮਰਨ ਤੱਕ ਜੀਵ ਦੀ ਰੱਖਿਆ ਕਰਦੀ ਹੈ ਅਤੇ ਮਰਨ ਤੋਂ ਬਾਅਦ ਵੀ ਉਸ ਜੀਵ ਦਾ ਪਰਲੋਕ ਸੁਆਰਦੀ ਹੈ।

**ਜਾ ਕੈ ਹਿਰਦੈ ਬਸਿਆ ਮੇਰਾ ਹਰਿ ਹਰਿ**

**ਤਿਸੁ ਜਨ ਕਉ ਕਰਹੁ ਨਮਸਕਾਰਾ॥**

ਜਿਹੜਾ ਪ੍ਰਾਣੀ ਸਿਸਰਨ ਅਤੇ ਜਾਪ ਕਰਦਾ ਹੈ ਉਸ ਨੂੰ ਹਮੇਸ਼ਾਂ ਨਮਸਕਾਰ ਕਰੋ ਉਸ ਦੇ ਅੱਗੇ ਸਿਰ ਝੁਕਾ ਦਿਓ।

**ਹਰਿ ਕਿਰਪਾ ਤੇ ਪਾਈਐ ਹਰਿ ਜਪੁ**

**ਨਾਨਕ ਨਾਮੁ ਅਧਾਰਾ॥ ੨॥੫॥**

ਮਾਲਿਕ ਦੀ ਕਿਰਪਾ ਤੋਂ ਬਗੈਰ ਜੀਵ ਜਾਪ ਵੀ ਨਹੀਂ ਕਰ ਸਕਦਾ। ਉਹ ਬਾਕੀ ਸਾਰੇ ਜਾਪ ਕਰ ਲਵੇਗਾ ਪਰ ਨਾਮ ਦਾ ਜਾਪ ਕਰਨਾ ਬਹੁਤ ਔਖਾ ਹੁੰਦਾ ਹੈ। ਸੋਈ ਉਸ ਅਕਾਲ ਪੁਰਖ, ਵਾਹਿਗੁਰੂ, ਅੱਲਾਹ, ਗਾਡ, ਰਾਮ ਦੀ ਕਿਰਪਾ ਹੋਵੇ ਤਦ ਹੀ ਜੀਵ ਜਾਪ ਕਰ ਸਕਦਾ ਹੈ।

## ਸਤਿਸੰਗ

**॥ ਆਸਾ ਮਹਲਾ ੩॥ (ਅੰਗ 361)**

**ਸਬਦਿ ਮੁਆ ਵਿਚਹੁ ਆਪੁ ਗਵਾਇ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਜਦੋਂ ਸ਼ਬਦ ਰੂਪੀ ਤਾਕਤ ਦੀ ਬਖਸ਼ਿਸ਼ ਸਦਕਾ ਜੀਵ ਆਪਾ ਮਾਰਦਾ ਹੈ, ਖਤਮ ਹੁੰਦਾ ਹੈ ਅਤੇ ਇਹ ਕਹਿੰਦਾ ਹੈ ਕਿ

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ*

*ਜੋ ਕਿਛੁ ਹੈ ਸੋ ਤੇਰਾ॥*

*ਤੇਰਾ ਤੁਝ ਕਉ ਸਉਪਤੇ*

*ਕਿਆ ਲਾਗੈ ਮੇਰਾ॥ ੨੦੩॥ (ਅੰਗ 1375)*

ਫੇਰ ਹਉਮੈ ਮਰਦੀ ਹੈ।

ਸਾਡੇ ਹਜ਼ੂਰ ਫੁਰਮਾਉਂਦੇ ਹਨ ਕਿ ਅਗਰ ਖਰਬੂਜਾ ਜਾਂ ਹਦਵਾਣਾ ਪਾਣੀ ਵਿੱਚ ਰੁੜ੍ਹਿਆ ਜਾ ਰਿਹਾ ਹੈ ਫੇਰ ਪਾਣੀ ਦੀ ਮੌਜ ਹੈ ਉਹ ਉਸ ਨੂੰ ਜਿੱਧਰ ਨੂੰ ਮਰਜੀ ਰੋੜ੍ਹ ਕੇ ਲੈ ਜਾਵੇ। ਉਸ ਫਲ ਦਾ ਆਪਣਾ ਕੋਈ ਰੋਲ ਨਹੀਂ ਹੈ। ਇਸ ਤਰ੍ਹਾਂ ਜੋ ਜੀਵ ਸ਼ਬਦ ਦੁਆਰਾ ਆਪਣੇ ਆਪ ਨੂੰ ਮਾਰਦਾ ਹੈ ਉਸ ਵਿਚੋਂ ਆਪਾ ਖਤਮ ਹੋ ਜਾਂਦਾ ਹੈ।

**ਸਤਿਗੁਰੁ ਸੇਵੇ ਤਿਲੁ ਨ ਤਮਾਇ॥**

ਮਸਤਕ ਦੇ ਉਪਰ ਜੋ ਦਸਵਾਂ ਸਥਾਨ ਹੈ ਉਸ ਨੂੰ ਤਿਲ ਕਿਹਾ ਗਿਆ ਹੈ। ਜੋ ਜੀਵ ਸਤਿਗੁਰ ਦੀ ਬੰਦਗੀ ਅਤੇ ਸੇਵਨਾ ਕਰਦਾ ਹੈ ਫੇਰ ਉਸ ਮਸਤਕ ਦੇ ਸਥਾਨ ਤੇ ਜਾ ਕੇ ਆਤਮਾ ਬਹੁਤ ਚਿਰ ਟਿਕਦੀ ਨਹੀਂ ਹੈ। ਆਤਮਾ ਕਦੋਂ ਟਿਕਦੀ ਹੈ? ਉਸ ਬਾਰੇ ਵੀ ਹਜ਼ੂਰ ਭੇਦ ਬਖਸ਼ਣ।

**ਨਿਰਭਉ ਦਾਤਾ ਸਦਾ ਮਨਿ ਹੋਇ॥**

ਅਗਰ ਨਿਰਭਉ ਤਾਕਤ ਸਦਾ ਲਈ ਮਨ ਨੂੰ ਮਾਰ ਕੇ ਅੰਦਰ ਵੱਸਦੀ ਹੈ ਫੇਰ ਸੁਰਤ ਉਥੇ ਜਾ ਕੇ ਠਹਿਰਾਉ ਕਰਦੀ ਹੈ।

**ਸਚੀ ਬਾਣੀ ਪਾਏ ਭਾਗਿ ਕੋਇ॥ ੧॥**

ਫੇਰ ਅਗਰ ਜੀਵ ਦਾ ਭਾਗ ਠੀਕ ਨਾ ਵੀ ਹੋਵੇ ਤਦ ਵੀ ਮਾਲਿਕ ਠੀਕ ਕਰ ਦਿੰਦੇ ਹਨ। ਪਰ ਉਹ ਬਾਣੀ ਸੱਚੀ ਹੋਵੇ। ਸਾਰੇ ਸੰਤਾਂ ਦੀ ਉਚਾਰਨ ਕੀਤੀ ਬਾਣੀ ਠੀਕ ਹੈ ਪਰ ਗੁਰਬਾਣੀ ਨੂੰ ਮੰਨਣ ਵਾਲਿਆਂ ਨੂੰ ਗੁਰਬਾਣੀ ਉੱਪਰ ਭਰੋਸਾ ਰੱਖਣਾ ਚਾਹੀਦਾ ਹੈ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਸਾਡੇ ਭਲੇ ਵਾਸਤੇ ਗੁਰਬਾਣੀ ਦੀ ਰਚਨਾ ਕੀਤੀ ਹੈ। ਉਸ ਤੋਂ ਬਾਅਦ ਵੀ ਬਹੁਤ ਸੰਤ ਆਏ ਹੋਣਗੇ ਜਿਹਨਾਂ ਨੇ ਬਾਣੀ ਉਚਾਰਨ ਕੀਤੀ ਹੋਵੇਗੀ ਪਰ ਉਹਨਾਂ ਨੇ ਇਹੋ ਹੀ ਕਿਹਾ ਹੋਵੇਗਾ ਕਿ ਅਸੀਂ ਤੁਹਾਨੂੰ ਉਹੋ ਦੱਸ ਰਹੇ ਹਾਂ ਜੋ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਗੁਰਬਾਣੀ ਵਿੱਚ ਦਰਜ ਕੀਤਾ ਹੈ।

**ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ॥**

ਅਗਰ ਅਸੀਂ ਗੁਣ ਇੱਕਠੇ ਕਰਾਂਗੇ ਫੇਰ ਸਾਡੇ ਅੰਦਰੋਂ ਔਗੁਣ ਆਪਣੇ ਆਪ ਨਿਕਲ ਜਾਣਗੇ। ਸਾਡੇ ਮਨ ਦੀ ਜਿੰਨੀ ਕੁ ਸਟੋਰ ਕਰਨ ਦੀ ਕਪੈਸਟੀ ਹੈ ਅਗਰ ਉਸ ਵਿੱਚ ਗੁਣ ਭਰ ਦਿੱਤੇ ਜਾਣ ਫੇਰ ਔਗੁਣਾਂ ਨੇ ਆਪਣੇ ਆਪ ਉਥੋਂ ਭੱਜ ਜਾਣਾ ਹੈ।

*ਦਬੜੂ ਖੁਸੜੂ ਭੱਜੂਗਾ*
*ਪੰਥ ਖਾਲਸਾ ਗੱਜੂਗਾ॥*

ਐਸਾ ਨਹੀਂ ਕਿਹਾ ਗਿਆ ਕਿ ਬਾਕੀ ਸਾਰੇ ਮਰ ਜਾਣਗੇ ਅਤੇ ਸਿਰਫ਼ ਇਹੋ ਕਾਇਮ ਰਹੇਗਾ। ਸਗੋਂ ਇਹ ਕਿਹਾ ਗਿਆ ਹੈ ਗੁਣਾਂ ਨੂੰ ਇੱਕਠਾ ਕਰਨ ਨਾਲ ਔਗੁਣ ਭੱਜ ਜਾਣਗੇ।

**ਪੂਰੇ ਗੁਰ ਕੈ ਸਬਦਿ ਸਮਾਹਿ॥ ੧॥ ਰਹਾਉ॥**

ਹਜ਼ੂਰ ਆਪਣੇ ਸਤਿਗੁਰ ਹਜ਼ੂਰ ਦੂਸਰੇ ਪਾਤਿਸ਼ਾਹ ਜੀ ਨੂੰ ਪੂਰਾ ਗੁਰ ਕਹਿ ਕੇ ਸੰਬੋਧਨ ਕਰ ਰਹੇ ਹਨ ਕਿ ਇਹ ਆਤਮਾ ਪੂਰੇ ਗੁਰ ਵਿੱਚ ਸਮਾ ਜਾਂਦੀ ਹੈ ਫੇਰ

*ਗੁਰ ਕਿਰਪਾ ਜਿਹ ਨਰ ਕਉ ਕੀਨੀ*
*ਤਿਹ ਇਹ ਜੁਗਤਿ ਪਛਾਨੀ॥*
*ਨਾਨਕ ਲੀਨ ਭਇਓ ਗੋਬਿੰਦ ਸਿਉ*
*ਜਿਉ ਪਾਨੀ ਸੰਗਿ ਪਾਨੀ॥ ੩॥*

*(ਅੰਗ 633-34)*

**ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ॥**

ਪਰ ਜੋ ਜੀਵ ਗੁਰਬਾਣੀ ਦੀ ਚਾਹਤ, ਤੜਪ ਅਤੇ ਖਾਹਿਸ਼ ਰੱਖਦਾ ਹੋਵੇ ਉਹੋ ਹੀ ਇਸ ਨੂੰ ਪ੍ਰਾਪਤ ਕਰ ਸਕਦਾ ਹੈ। ਜਿਹੜਾ ਗੁਰਬਾਣੀ ਨੂੰ ਠੀਕ ਨਹੀਂ ਸਮਝਦਾ ਉਹ ਗਾਹਕ ਨਹੀਂ ਹੈ। ਉਸ ਨੂੰ ਗੁਰਬਾਣੀ ਸੁਣਾਉਣੀ ਸਹੀ ਨਹੀਂ ਹੈ।

**ਅੰਮ੍ਰਿਤ ਸਬਦਿ ਨਾਮੁ ਵਖਾਣੈ॥**

ਅਗਰ ਅੰਮ੍ਰਿਤ ਰੂਪੀ ਬਾਣੀ, ਨਾਮ ਰੂਪੀ ਤਾਕਤ ਜੀਵ ਦੇ ਅੰਦਰ ਵੱਸ ਜਾਵੇ ਫੇਰ ਬਖਸ਼ਿਸ਼ ਹੁੰਦੀ ਹੈ।

**ਸਾਚੀ ਬਾਣੀ ਸੂਚਾ ਹੋਇ॥**

ਗੁਰਬਾਣੀ ਦਾ ਜਾਪ ਕਰਨ ਨਾਲ ਜੀਵ ਦੀ ਆਤਮਾ, ਦਿਲ ਅਤੇ ਜ਼ੁਬਾਨ ਸੁੱਚੀ ਹੋ ਜਾਂਦੀ ਹੈ।

**ਗੁਣ ਤੇ ਨਾਮੁ ਪਰਾਪਤਿ ਹੋਇ॥ ੨॥**

ਜਦੋਂ ਅਸੀਂ ਇਹ ਗੁਣ ਗ੍ਰਹਿਣ ਕਰਾਂਗੇ ਫੇਰ ਨਾਮ ਦੀ ਪ੍ਰਾਪਤੀ ਹੋ ਜਾਵੇਗੀ।

**ਗੁਣ ਅਮੋਲਕ ਪਾਏ ਨ ਜਾਹਿ॥**

ਪਰ ਇਹ ਗੁਣ ਬਹੁਤ ਕੀਮਤੀ ਹਨ ਇਹਨਾਂ ਦਾ ਮੁੱਲ ਨਹੀਂ ਦਿੱਤਾ ਜਾ ਸਕਦਾ। ਇਹਨਾਂ ਨੂੰ ਪੈਸਿਆਂ ਨਾਲ ਖਰੀਦਿਆ ਨਹੀਂ ਜਾ ਸਕਦਾ। ਜਬਰਦਸਤੀ ਖੋਹਿਆ ਨਹੀਂ ਜਾ ਸਕਦਾ। ਇਹ ਤਾਂ ਹਜ਼ੂਰ ਹੀ ਕਿਰਪਾ ਕਰਕੇ ਮਿਹਰਬਾਨ ਹੋਣ ਫੇਰ ਗੱਲ ਬਣਦੀ ਹੈ।

**ਮਨਿ ਨਿਰਮਲ ਸਾਚੈ ਸਬਦਿ ਸਮਾਹਿ॥**

ਜਦੋਂ ਜੀਵ ਦੀ ਆਤਮਾ ਨਿਰਮਲ ਹੋ ਜਾਵੇਗੀ ਫੇਰ ਉਹ ਸੱਚ ਵਿੱਚ ਸਮਾ ਜਾਵੇਗੀ।

**ਸੇ ਵਡਭਾਗੀ ਜਿਨ੍ ਨਾਮੁ ਧਿਆਇਆ॥**

ਉਹ ਭਾਗਾਂ ਵਾਲੇ ਜੀਵ ਹਨ ਜੋ ਨਾਮ ਦਾ ਜਾਪ ਕਰਦੇ ਅਤੇ ਧਿਆਉਂਦੇ ਹਨ।

**ਸਦਾ ਗੁਣਦਾਤਾ ਮੰਨਿ ਵਸਾਇਆ॥ ੩॥**

ਫੇਰ ਉਸ ਜੀਵ ਦੇ ਮਨ ਵਿੱਚ ਸੁਖਾਂ ਦਾ ਦਾਤਾ ਸਦਾ ਲਈ ਵੱਸ ਜਾਂਦਾ ਹੈ।

**ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ॥**

ਹਜ਼ੂਰ ਫੁਰਮਾਉਂਦੇ ਹਨ ਕਿ ਜਿਹੜਾ ਜੀਵ ਗੁਣਾਂ ਨੂੰ ਗ੍ਰਹਿਣ ਕਰਕੇ ਬਾਣੀ ਦਾ ਸਿਮਰਨ ਕਰਦੇ ਹਨ ਅਸੀਂ ਉਹਨਾਂ ਤੋਂ ਬਲਿਹਾਰ ਜਾਂਦੇ ਹਾਂ।

**ਦਰਿ ਸਾਚੈ ਸਾਚੇ ਗੁਣ ਗਾਉ॥**

ਜਦੋਂ ਜੀਵ ਮੰਦਿਰ, ਸਮਜਿਦ, ਚਰਚ ਜਾਂ ਗੁਰਦੁਆਰਾ ਸਾਹਿਬ ਅਰਥਾਤ ਸੱਚੇ ਦਰ 'ਤੇ ਜਾਂਦਾ ਹੈ ਉੱਥੇ ਜਾ ਕੇ ਮਨ ਨੂੰ

ਦੁਨਿਆਵੀ ਗੱਲਾਂ ਤੋਂ ਮੋੜ ਕੇ ਪ੍ਰਭੂ ਕੇ ਗੁਣ ਗਾਵੇ।

**ਆਪ ਦੇਵੈ ਸਹਜਿ ਸੁਭਾਇ॥**

ਜਦੋਂ ਸਮਾਂ ਆ ਜਾਂਦਾ ਹੈ ਹਜ਼ੂਰ ਆਪਣੇ ਆਪ ਹੀ ਜੀਵ ਨੂੰ ਉਹ ਦਾਤ ਬਖਸ਼ ਦਿੰਦੇ ਹਨ।

**ਨਾਨਕ ਕੀਮਤਿ ਕਹਣੁ ਨ ਜਾਇ॥ ੪॥ ੨॥ ੪੧॥**

ਹਜ਼ੂਰ ਹੀ ਕਿਰਪਾ ਕਰਕੇ ਬਖਸ਼ਿਸ਼ ਕਰ ਦੇਣ ਉਂਞ ਇਸ ਦਾਤ ਦੀ ਕੋਈ ਵੀ ਕੀਮਤ ਨਹੀਂ ਦੇ ਸਕਦਾ।

# ਸਤਿਸੰਗ

**॥ ਆਸਾ ਮਹਲਾ ੪॥ (ਅੰਗ 450)**

**ਜਿਨ ਮਸਤਕਿ ਧੁਰਿ ਹਰਿ ਲਿਖਿਆ**

**ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਨੂੰ ਸੰਗਤ ਨੇ ਪੁੱਛਿਆ ਕਿ ਹਜ਼ੂਰ! ਤੁਸੀਂ ਸਤਿਗੁਰ ਦੀ ਸ਼ਰਨ ਵਿੱਚ ਕਿਸ ਤਰ੍ਹਾਂ ਗਏ? ਤਦ ਹਜ਼ੂਰ ਨੇ ਫੁਰਮਾਨ ਕੀਤਾ ਕਿ ਉਸ ਅਕਾਲ ਪੁਰਖ ਵਾਹਿਗੁਰੂ, ਅੱਲਾਹ, ਗਾਡ, ਰਾਮ ਨੇ ਮੇਰੇ ਮੱਥੇ ਦੀਆਂ ਐਸੀਆਂ ਲਕੀਰਾਂ ਲਿਖ ਦਿੱਤੀਆਂ ਸਨ ਅਤੇ ਮੇਰੇ ਸਤਿਗੁਰ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਪਾਰਖੂ ਸਨ। ਸਿਰਫ਼ ਉਹੋ ਹੀ ਉਹਨਾਂ ਲਕੀਰਾਂ ਨੂੰ ਪੜ੍ਹਨ ਵਾਲੇ ਸਨ। ਉਹਨਾਂ ਨੇ ਦੇਖ ਲਿਆ ਕਿ ਇਸ ਨੂੰ ਚਾਚਿਆਂ, ਤਾਇਆਂ ਅਤੇ ਨਾਨਕਿਆਂ ਨੇ ਵੀ ਘਰੋਂ ਭੇਜ ਦਿੱਤਾ ਹੈ। ਇਹ ਨਿਥਾਂਵਾਂ ਹੈ ਉਹਨਾਂ ਨੇ ਮੈਨੂੰ ਆਪਣੀ ਸ਼ਰਨ ਬਖਸ਼ ਦਿੱਤੀ।

ਤਦੇ ਹੀ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਨੇ ਐਸੇ ਥੜ੍ਹੇ ਉੱਪਰ ਬਿਠਾ ਕੇ ਬਖਸ਼ਿਸ਼ ਕਰ ਦਿੱਤੀ ਕਿ ਹਜ਼ੂਰ ਚੌਥੇ ਪਾਤਿਸ਼ਾਹ ਜੀ ਸੋਢੀ ਪਾਤਿਸ਼ਾਹ ਅਖਵਾਏ।

*ਬੈਠਾ ਸੋਢੀ ਪਾਤਿਸਾਹੁ ਰਾਮਦਾਸ ਸਤਿਗੁਰੂ ਕਹਾਵੈ॥*

*(ਵਾਰ ੧, ਪਉੜੀ ੪੧)*

**ਅਗਿਆਨੁ ਅੰਧੇਰਾ ਕਟਿਆ**

**ਗੁਰ ਗਿਆਨੁ ਘਟਿ ਬਲਿਆ॥**

ਹਜ਼ੂਰ ਫੁਰਮਾਉਂਦੇ ਹਨ ਕਿ ਮਾਲਿਕ ਨੇ ਮੇਰੇ ਅੰਦਰੋਂ ਅਗਿਆਨਤਾ ਦਾ ਹਨੇਰਾ ਦੂਰ ਕਰਕੇ ਮੈਨੂੰ ਗਿਆਨ ਰੂਪੀ ਚਾਨਣ ਬਖਸ਼ ਦਿੱਤਾ, ਰਹਿਮਤ ਬਖਸ਼ ਦਿੱਤੀ।

**ਹਰਿ ਲਧਾ ਰਤਨੁ ਪਦਾਰਥੋ**

**ਫਿਰਿ ਬਹੁੜਿ ਨ ਚਲਿਆ॥**

ਮਾਲਿਕ ਨੇ ਮੈਨੂੰ ਨਾਮ ਰੂਪੀ ਐਸਾ ਰਤਨ ਪਦਾਰਥ ਬਖਸ਼ ਦਿੱਤਾ ਜਿਸ ਨੂੰ ਕੋਈ ਖੋਹ ਨਹੀਂ ਸਕਿਆ, ਕੋਈ ਸਾੜ ਨਹੀਂ ਸਕਿਆ। ਮਾਲਿਕ ਨੇ ਮੈਨੂੰ ਐਸਾ ਪੱਕਾ ਖਜਾਨਾ ਬਖਸ਼ ਦਿੱਤਾ।

**ਜਨ ਨਾਨਕ ਨਾਮੁ ਆਰਾਧਿਆ**

**ਆਰਾਧਿ ਹਰਿ ਮਿਲਿਆ॥ ੧॥**

ਹਜ਼ੂਰ ਫੁਰਮਾਉਂਦੇ ਹਨ ਕਿ ਇੱਕ ਸ਼ਰਤ ਹੈ ਕਿ ਜੋ ਜੀਵ ਉਸ ਮਾਲਿਕ ਦੀ ਅਰਾਧਨਾ ਕਰਦਾ ਹੈ ਸਿਰਫ਼ ਉਸੇ ਨੂੰ ਹੀ ਇਹ ਦਾਤ ਮਿਲਦੀ ਹੈ। ਜਿਸ ਉੱਪਰ ਮਾਲਿਕ ਨੂੰ ਤਰਸ ਆਉਂਦਾ ਹੈ ਉਸੇ ਉੱਪਰ ਬਖਸ਼ਿਸ਼ ਅਤੇ ਰਹਿਮਤ ਕਰਕੇ ਮਾਲਿਕ ਇਹ ਦਾਤ ਬਖਸ਼ਦੇ ਹਨ। ਪਰ ਇਸ ਦਾਤ ਦੀ ਪ੍ਰਾਪਤੀ ਵਾਸਤੇ ਸਿਮਰਨ ਅਤੇ ਅਰਾਧਨਾ ਕਰਨੀ ਪਵੇਗੀ। ਐਸਾ ਨਹੀਂ ਕਿ ਇਹ ਪਿਉ ਦਾਦੇ ਦੀ ਜੱਦੀ ਜਾਇਦਾਦ ਵਾਂਗ ਵਿਰਸੇ ਵਿੱਚ ਮਿਲੇਗੀ। ਇਸ ਦਾਤ ਵਾਸਤੇ ਸਿਮਰਨ ਅਵੱਸ਼ ਕਰਨਾ ਪਵੇਗਾ।

# ਸਤਿਸੰਗ ਸੰਗ੍ਰਾਂਦ ਮਹੀਨਾ ਹਾੜ

**ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ (ਅੰਗ 1108)**

**ਆਸਾੜੁ ਭਲਾ ਸੂਰਜੁ ਗਗਨਿ ਤਪੈ॥**

ਹਾੜ ਦਾ ਮਹੀਨਾ 15.6.2019 ਸ਼ਨਿੱਚਰਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ ਸ਼ਾਂਤੀ, ਖੁਸ਼ੀਆਂ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਅਤੇ ਨਾਮ ਦੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ। ਦੁੱਖਾਂ ਕਲੇਸ਼ਾਂ ਦਾ ਨਾਸ਼ ਕਰਨ ਅਤੇ ਖੁਸ਼ੀਆਂ ਖੇੜੇ ਬਖਸ਼ਣ। ਹਾੜ ਦਾ ਮਹੀਨਾ ਬਹੁਤ ਹੀ ਗਰਮੀ ਵਾਲਾ ਹੁੰਦਾ ਹੈ ਅਤੇ ਧਰਤੀ ਤਪ ਰਹੀ ਹੁੰਦੀ ਹੈ। ਫੇਰ ਵੀ ਇਹ ਮਹੀਨਾ ਭਾਗਾਂ ਵਾਲਾ ਅਤੇ ਅੱਛਾ ਹੈ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*

*(ਅੰਗ 1395)*

ਭੇਦ ਬਖਸ਼ ਰਹੇ ਹਨ ਕਿ ਹਾੜ੍ਹ ਦਾ ਮਹੀਨਾ ਬਹੁਤ ਹੀ ਭਲਾ ਹੈ ਕਿਉਂਕਿ ਇਸ ਮਹੀਨੇ ਵਿੱਚ ਬਹੁਤ ਤਪਸ਼ ਪੈਂਦੀ ਹੈ ਅਤੇ ਤਪਸ਼ ਪੈਣ ਕਾਰਨ ਜੀਵ ਮਾਲਿਕ ਨੂੰ ਚੇਤੇ ਕਰਦਾ ਹੈ, ਅਰਦਾਸਾਂ ਬੇਨਤੀਆਂ ਕਰਦਾ ਹੈ।

ਇਸ ਸਾਲ ਇੰਡੀਆ ਵਿੱਚ ਬਹੁਤ ਜਿਆਦਾ ਗਰਮੀ ਪੈ ਰਹੀ ਹੈ। ਜਲੰਧਰ ਦਾ ਤਾਪਮਾਨ 43° ਤੋਂ 45° ਤੱਕ ਹੁੰਦਾ ਹੈ। ਦਿੱਲੀ ਵਿੱਚ 49° ਤਾਪਮਾਨ ਹੈ। ਦਿੱਲੀ ਵਿੱਚ ਕਿਸੇ ਨੇ ਧੁੱਪ ਵਿੱਚ ਤਵਾ ਗਰਮ ਕਰਕੇ ਉੱਸ ਉੱਪਰ ਆਮਲੇਟ ਬਣਾ ਕੇ ਦਿਖਾਇਆ। ਇਹ ਸੀਨ ਟੀ.ਵੀ. ਵਾਲੇ ਦਿਖਾ ਰਹੇ ਹਨ। ਪਹਿਲੇ ਸਮੇਂ ਵਿੱਚ ਅਸੀਂ ਸੁਣਦੇ ਸੀ ਕਿ ਮੁਲਤਾਨ ਵਿਖੇ 51° ਤਾਪਮਾਨ ਸੀ ਕਿਸੇ ਨੇ ਮੱਛੀ ਸੀਖ ਉੱਪਰ ਟੰਗ ਕੇ ਧੁੱਪ ਵਿੱਚ ਰੱਖ ਕੇ ਭੁੰਨ ਕੇ ਖਾਧੀ ਸੀ। ਕਿਸਾਨਾਂ ਦੀਆਂ ਪੈਲੀਆਂ ਵਿੱਚ ਪਾਣੀ ਖੜਾ ਨਹੀਂ ਹੋ ਰਿਹਾ ਜਿਸ ਕਾਰਨ ਝੋਨੇ ਲਾਉਣੇ ਮੁਸ਼ਕਲ ਹੋ ਗਏ ਹਨ ਅਤੇ ਉਹ ਬਾਰਿਸ਼ ਲਈ ਅਰਦਾਸਾਂ ਬੇਨਤੀਆਂ ਕਰ ਰਹੇ ਹਨ।

**ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥**

ਧਰਤੀ ਗਰਮੀ ਨਾਲ ਦੁਖ ਸਹਾਰ ਰਹੀ ਹੁੰਦੀ ਹੈ ਅਤੇ ਅੰਗਿਆਰ ਵਾਂਗ ਤਪ ਰਹੀ ਹੁੰਦੀ ਹੈ। ਇੱਧਰ ਅਮਰੀਕਾ, ਕਨੇਡਾ ਵਿੱਚ ਅਗਰ ਕਿਤੇ 49° ਤਾਪਮਾਨ ਹੋ ਜਾਵੇ ਤਾਂ ਜੰਗਲਾਂ ਨੂੰ ਦੱਰਖਤਾਂ ਨੂੰ ਅੱਗ ਲੱਗ ਸਕਦੀ ਹੈ। ਪਰ ਇੰਡੀਆਂ ਵਿੱਚ ਬਹੁਤ ਜਿਆਦਾ ਪ੍ਰਦੂਸ਼ਿਤ ਵਾਤਾਵਰਣ ਹੋਣ ਕਰਕੇ ਮਿੱਟੀ ਦਾ ਗਰਦਾ ਤਾਪਮਾਨ ਨੂੰ ਆਪਣੇ ਵਿੱਚ ਸੋਖ ਲੈਂਦਾ ਹੈ ਅਤੇ ਕੁਝ ਬਚਾਅ ਹੋ ਜਾਂਦਾ ਹੈ।

**ਅਗਨਿ ਰਸੁ ਸੋਖੈ ਮਰੀਐ ਧੋਖੈ**

**ਭੀ ਸੋ ਕਿਰਤੁ ਨ ਹਾਰੇ॥**

ਐਨੀ ਗਰਮੀ ਵਿੱਚ ਵੀ ਜ਼ਿੰਮੀਦਾਰ ਹਿੰਮਤ ਨਹੀਂ ਹਾਰਦਾ। ਅਗਰ ਗਰਮੀ ਵਿੱਚ ਝੋਨਾ ਨਾ ਲਾਇਆ ਤਾਂ ਫੇਰ ਲੇਟ ਪੱਕੇਗਾ, ਲੇਟ ਪੱਕਣ ਕਾਰਨ ਕਣਕ ਦੀ ਬਿਜਾਈ ਲੇਟ ਹੋ ਜਾਣੀ ਹੈ। ਲੇਟ ਬੀਜੀ ਹੋਈ ਕਣਕ ਮਾਰੀ ਜਾਂਦੀ ਹੈ ਇਹਨਾਂ ਸਾਰੇ ਪਹਿਲੂਆਂ ਨੂੰ ਮੁੱਖ ਰੱਖ ਕੇ ਜ਼ਿੰਮੀਦਾਰ ਆਪਣੇ ਯਤਨ ਜਾਰੀ ਰੱਖਦਾ ਹੈ।

ਐਨੀ ਮਿਹਨਤ ਕਰਨ ਦੇ ਬਾਵਜੂਦ ਵੀ ਜ਼ਿੰਮੀਦਾਰਾਂ ਨੂੰ ਤਿੰਨ ਸਾਲ ਤੋਂ ਲਗਾਤਾਰ ਕਮਾਦ ਦਾ ਪੈਸਾ ਨਹੀਂ ਮਿਲ ਰਿਹਾ। ਤਿੰਨ ਸਾਲ ਤੋਂ ਆਲੂ ਮਰ ਰਹੇ ਹਨ। ਕੋਲਡ ਸਟੋਰ ਵਾਲੇ ਅਡਵਾਂਸ ਪੈਸੇ ਮੰਗਦੇ ਹਨ ਕਿ ਅਗਰ ਤੁਹਾਡੇ ਆਲੂ ਖਰਾਬ ਹੋ ਗਏ ਤੁਸੀਂ ਚੁੱਕਣ ਨਹੀਂ ਆਉਣਾ ਅਤੇ ਨਾਹੀ ਪੈਸੇ ਦੇਣੇ ਹਨ ਫੇਰ ਅਸੀਂ ਖਰਾਬ ਹੋਏ ਆਲੂਆਂ ਨੂੰ ਕਿੱਥੇ ਸੁੱਟਾਂਗੇ। ਇਸ ਸਾਲ ਉੱਚੇ ਥਾਵਾਂ ਵਾਲੀ ਕਣਕ ਦਾ ਝਾੜ ਬਹੁਤ ਵਧੀਆ ਨਿਕਲਿਆ ਪਰ ਨੀਵੇਂ ਥਾਂ ਵਾਲੀ ਬਹੁਤਾ ਕਰਕੇ ਮਾਰੀ ਗਈ। ਸਾਡੇ ਵੀ ਬਾਰਾਂ ਕਿਲੇ ਕਣਕ ਆਪਣੀ ਅਤੇ ਚੌਦਾਂ ਕਿਲੇ ਸੰਸਥਾ ਦੀ ਕਣਕ ਟੋਟਲ ਛੱਬੀ ਕਿਲੇ ਕਣਕ ਬਾਰਿਸ਼ਾਂ ਕਰਕੇ

ਖਰਾਬ ਹੋ ਗਈ। ਫੇਰ ਵੀ ਜਿੰਮੀਦਾਰ ਹਠ ਨਹੀਂ ਹਾਰਦੇ ਕਿ ਸ਼ਾਇਦ ਕਦੇ ਨਾ ਕਦੇ ਮਾਲਿਕ ਕਿਰਪਾ ਕਰਨ ਅਤੇ ਸਾਡੀ ਅਗਲੀ ਫਸਲ ਵਧੀਆ ਹੋ ਜਾਵੇ।

ਜਦੋਂ ਲਾਲ ਬਹਾਦਰ ਸ਼ਾਸ਼ਤਰੀ ਜੀ ਪ੍ਰਧਾਨ ਮੰਤਰੀ ਬਣੇ ਤਾਂ ਉਹਨਾਂ ਨੇ ਅਨਾਜ ਦੀ ਕਮੀ ਹੋਣ ਕਰਕੇ ਸੋਮਵਾਰ ਦਾ ਵਰਤ ਰੱਖਣ ਲਈ ਕਿਹਾ ਸੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਸਰਦਾਰ ਮਹਿੰਦਰ ਸਿੰਘ ਰੰਧਾਵਾ ਅਤੇ ਪ੍ਰਤਾਪ ਸਿੰਘ ਕੈਰੋਂ ਨੇ ਖੇਤੀ ਦੀ ਰਿਸਰਚ ਵਾਸਤੇ ਬਣਾਈ ਸੀ। ਉਥੇ ਐਸੀ ਖੋਜ ਕੀਤੀ ਗਈ ਜਿਸ ਨਾਲ ਪੈਦਾਵਾਰ ਬਹੁਤ ਵੱਧ ਹੋਣ ਲੱਗ ਪਈ। ਜਿਹੜਾ ਹਿੰਦੂਸਤਾਨ ਮੰਗਤਾ ਬਣ ਕੇ ਬਾਹਰਲੇ ਦੇਸ਼ਾਂ ਤੋਂ ਅਨਾਜ ਮੰਗਦਾ ਸੀ ਉਹ ਸੋਨੇ ਦੀ ਚਿੜੀ ਬਣ ਗਿਆ। 1952 ਵਿੱਚ ਬਾਹਰਲੇ ਦੇਸ਼ਾਂ ਵਿਚੋਂ ਕਣਕ ਨਹੀਂ ਮਿਲੀ ਅਤੇ ਚਨੇ ਮਿਲੇ ਸਨ। ਉਦੋਂ ਲੋਕਾਂ ਨੇ ਚਨਿਆਂ ਦੀ ਸਬਜੀ ਅਤੇ ਚਨਿਆਂ ਦੇ ਆਟੇ ਦਾ ਫੁੱਲਕਾ ਬਣਾ ਕੇ ਖਾਣਾ। ਪਰ ਜੋ ਜਿੰਮੀਦਾਰ ਸਾਰੇ ਦੇਸ਼ ਨੂੰ ਅੰਨ ਦੇ ਰਿਹਾ ਹੈ ਅੱਜ ਉਹੋ ਹੀ ਖੁਦਕਸ਼ੀਆਂ ਕਰ ਰਿਹਾ ਹੈ ਕਿਉਂਕਿ ਉਸ ਦੀ ਪੈਦਾਵਾਰ ਦੀ ਮਾਰਕੀਟਿੰਗ ਨਹੀਂ ਹੈ। ਪਰ ਫੇਰ ਵੀ ਜਿੰਮੀਦਾਰ ਹਠ ਕਰਕੇ ਅਤੇ ਆਸ ਰੱਖ ਕੇ ਖੇਤੀ ਕਰਦਾ ਹੈ ਕਿ ਸ਼ਾਇਦ ਇਸ ਵਾਰ ਹੀ ਮੇਰੀ ਫਸਲ ਵਧੀਆ ਹੋ ਜਾਵੇ।

**ਰਥੁ ਫਿਰੈ ਛਾਇਆ ਧਨ ਤਾਕੈ**

**ਟੀਡੁ ਲਵੈ ਮੰਝਿ ਬਾਰੇ॥**

ਅੱਜ ਕੱਲ ਇੰਡੀਆ ਵਿੱਚ ਵੀ ਅਤੇ ਇੱਥੇ ਵੀ ਸਭ ਕੋਲ ਏਅਰ ਕੰਡੀਸ਼ਨਰ ਗੱਡੀਆਂ ਹਨ ਪਰ ਪਹਿਲੇ ਸਮੇਂ ਵਿੱਚ ਗਰਮੀ ਵਿੱਚ ਅਮੀਰ ਤੋਂ ਅਮੀਰ ਬੰਦੇ ਘੋੜਿਆਂ ਵਾਲੇ ਰਥ ਲੈ ਕੇ ਨਿਕਲਦੇ ਸਨ। ਲੜਕੀਆਂ ਆਪਣੇ ਪਤੀ ਨੂੰ ਸੰਬੋਧਨ ਕਰਕੇ ਗੀਤ ਗਾਇਆ ਕਰਦੀਆਂ ਸਨ ਕਿ

*ਸੂਹੇ ਵੇ ਚੀਰੇ ਵਾਲਿਆ ਮੈਂ ਕਹਿੰਨੀ ਆਂ।*

*ਕਰ ਛੱਤਰੀ ਦੀ ਛਾਂ ਮੈਂ ਛਾਵੇਂ ਬਹਿੰਨੀ ਆਂ।*

ਉਦੋਂ ਛਤਰੀ ਦੀ ਛਾਂ ਨੂੰ ਵੀ ਬਹੁਤ ਵੱਡਾ ਤੋਹਫਾ, ਗਿਫਟ ਅਤੇ ਵਡਿਆਈ ਸਮਝਦੇ ਸਨ। ਖੇਤਾਂ ਵਿੱਚ ਜਦੋਂ ਫਲ੍ਹੇ ਵਾਹੇ ਜਾਂਦੇ ਸਨ ਉਦੋਂ ਉੱਥੇ ਡੰਡੇ ਦੇ ਸਹਾਰੇ ਮੰਜੀ ਨੂੰ ਖੜੀ ਕਰਕੇ ਉਸ ਦੇ ਹੇਠਾਂ ਪਾਣੀ ਦਾ ਘੜਾ ਰੱਖਿਆ ਜਾਂਦਾ ਸੀ। ਜਦੋਂ ਅਸੀਂ ਪਾਣੀ ਪੀਣ ਜਾਣਾ ਤਾਂ ਸੋਚਣਾ ਕਿ ਮੰਜੀ ਦੀ ਛਾਵੇਂ ਪਾਣੀ ਪੀਣ ਦੇ ਬਹਾਨੇ ਹੋਰ ਦੋ ਮਿੰਟ ਬੈਠ ਲੈਂਦੇ ਹਾਂ। ਉਹ ਮੰਜੀ ਦੀ ਛਾਂ ਹੀ ਸਾਡੇ ਵਾਸਤੇ ਛਾਂ ਦਾਰ ਬੰਗਲਾ ਹੁੰਦਾ ਸੀ। ਜਿੰਮੀਦਾਰ ਐਨੀ ਗਰਮੀ ਵਿੱਚ ਵੀ ਇਹੋ ਆਸ ਰੱਖ ਕੇ ਭੱਜਾ ਫਿਰਦਾ ਸੀ ਕਿ ਵਧੀਆ ਫਸਲ ਹੋਵੇਗੀ, ਘਰ ਆਵੇਗੀ, ਅਸੀਂ ਧੀਆਂ ਪੁੱਤਰਾਂ ਦੀਆਂ ਸ਼ਾਦੀਆਂ ਕਰਾਂਗੇ, ਅਤੇ ਹੋਰ ਦੂਸਰੇ ਦੁਨਿਆਵੀ ਕੰਮ ਕਰਾਂਗੇ। ਮਾਲਿਕ ਜਿੰਮੀਦਾਰਾਂ ਦੇ ਯਤਨ ਸਫਲ ਵੀ ਕਰਦੇ ਹਨ ਅਤੇ ਅਸੀਂ ਵੀ ਅਰਦਾਸ ਕਰਦੇ ਹਾਂ ਕਿ ਸੱਚੇ ਪਾਤਿਸ਼ਾਹੋ! ਉਹਨਾਂ ਦੇ ਕਾਰਜਾਂ ਵਿੱਚ ਸਹਾਇਤਾ ਕਰੋ।

**ਅਵਗਣ ਬਾਧਿ ਚਲੀ ਦੁਖੁ ਆਗੈ**

**ਸੁਖੁ ਤਿਸੁ ਸਾਚੁ ਸਮਾਲੇ॥**

ਐਨੇ ਸੰਕਟਾਂ ਵਿੱਚ ਵੀ ਸਾਨੂੰ ਔਗੁਣ ਇੱਕਠੇ ਨਹੀਂ ਕਰਨੇ ਚਾਹੀਦੇ। ਔਗੁਣ ਕਰਨ ਨਾਲ ਸਾਡੀ ਮੁਸ਼ਕਲ ਅਤੇ ਗਰਮੀ ਹੋਰ ਵਧੇਗੀ। ਅਗਰ ਔਗੁਣ ਨਹੀਂ ਕਰੇਗਾ ਤਦ ਸ਼ਰੇਆਮ ਦਰਖਤ ਦੇ ਹੇਠਾਂ ਬੈਠੇਗਾ। ਔਗੁਣ ਕਰਨ ਕਰਕੇ ਮੁਸ਼ਕਲ ਤਾਂ ਵਧਦੀ ਹੈ ਕਿ ਉਹ ਚੋਰੀ ਜਾਂ ਗਲਤੀ ਕਰਦਾ ਹੈ ਤਾਂ ਲੁਕ ਕੇ ਬੈਠਦਾ ਹੈ ਉੱਥੇ ਉਸ ਨੂੰ ਹਵਾ ਵੀ ਨਹੀਂ ਲੱਗਦੀ। ਅਗਰ ਅਸੀਂ ਗੁਨਾਹ ਕਰਾਂਗੇ ਫੇਰ ਰੱਬ ਦੇ ਘਰ ਵੀ ਕਿਹੜਾ ਚਿਹਰਾ ਲੈ ਕੇ ਜਾਵਾਂਗੇ।

*ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ॥*

*(ਅੰਗ 1106)*

ਫੇਰ ਉੱਥੇ ਸਾਨੂੰ ਸ਼ਰਮਸਾਰ ਹੋਣਾ ਪਵੇਗਾ।

**ਨਾਨਕ ਜਿਸ ਨੋ ਇਹੁ ਮਨੁ ਦੀਆ**

**ਮਰਣੁ ਜੀਵਣੁ ਪ੍ਰਭ ਨਾਲੇ॥ ੮॥**

ਜਿਸ ਤਰ੍ਹਾਂ ਇੱਕ ਲੜਕੀ ਫੇਰੇ ਕਰਕੇ ਆਪਣੇ ਪਤੀ ਦੇ ਨਾਲ ਜਾਂਦੀ ਹੈ ਤਾਂ ਪਤੀ ਉਸ ਦੇ ਹਰ ਦੁੱਖ, ਸੁੱਖ ਇਥੋਂ ਤੱਕ ਕਿ ਉਸ ਦੇ ਬੱਚਿਆਂ ਦੀ ਵੀ ਜਿੰਮੇਵਾਰੀ ਲੈਂਦਾ ਹੈ। ਇਸੇ ਤਰ੍ਹਾਂ ਜਦੋਂ ਗੁਰਸਿੱਖ ਸ਼ਰਧਾ ਰੱਖ ਕੇ ਆਪਣੇ ਸੰਤਾਂ ਦੀ ਸੰਗਤ ਵਿੱਚ ਜਾਂਦੇ ਹਨ ਤਾਂ ਸੰਤ ਉਹਨਾਂ ਦੇ ਹਰ ਦੁਖ ਸੁਖ ਦੀ ਜਿੰਮੇਵਾਰੀ ਲੈਂਦੇ ਹਨ। ਗੁਰਬਾਣੀ ਵਿੱਚ ਦਰਜ ਹੈ ਕਿ

*ਮਨੁ ਬੇਚੈ ਸਤਿਗੁਰ ਕੈ ਪਾਸਿ॥*

*ਤਿਸੁ ਸੇਵਕ ਕੇ ਕਾਰਜ ਰਾਸਿ॥ (ਅੰਗ 286)*

ਅਗਰ ਅਸੀਂ ਗੁਰਬਾਣੀ ਦੇ ਸਮਰਪਿਤ ਹੋ ਜਾਵਾਂਗੇ ਫੇਰ

ਗੁਰਬਾਣੀ ਸਮਰਥ ਹੈ ਉਹ ਜੀਵ ਦੇ ਸਾਰੇ ਕਾਰਜ ਰਾਸ ਕਰਦੀ ਹੈ।

ਹਜ਼ੂਰ ਕਿਰਪਾ ਕਰਨ। ਹਾੜ੍ਹ ਦਾ ਮਹੀਨਾ ਸ਼ਨਿੱਚਰਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ-ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਜਿੰਮੀਦਾਰਾਂ ਵਾਂਗ ਲੋਕ ਇੱਥੇ ਵਿਦੇਸ਼ਾਂ ਵਿੱਚ ਵੀ ਟਰੱਕ ਚਲਾਉਂਦੇ ਹਨ। ਉਹ ਟਰੱਕ ਚਲਾਉਂਦੇ ਸਮੇਂ ਕਿਲੋਮੀਟਰ ਨਹੀਂ ਗਿਣਦੇ। ਉਹ ਇਹੋ ਦੇਖਦੇ ਹਨ ਕਿ ਹੁਣ ਆਹ ਸਟੇਟ ਆ ਗਈ ਹੈ ਜਾਂ ਆਹ ਸ਼ਹਿਰ ਆ ਗਿਆ ਹੈ। ਉਹ ਵੀ ਬਰਫ਼ ਪਈ ਜਾਂ ਗਰਮੀ ਨਹੀਂ ਦੇਖਦੇ। ਉਹ ਇਸ ਕਰਕੇ ਹਠ ਕਰਦੇ ਹਨ ਕਿਉਂਕਿ ਉਸ ਪੈਂਡੇ ਵਿਚੋਂ ਹੀ ਉਹਨਾਂ ਨੂੰ ਰਿਜ਼ਕ ਦੀ ਪ੍ਰਾਪਤੀ ਹੁੰਦੀ ਹੈ। ਉਸੇ ਧਨ ਨਾਲ ਉਹ ਬੱਚੇ ਪੜਾਉਂਦੇ ਹਨ ਰੋਟੀ, ਕੱਪੜਾ, ਮਕਾਨ, ਗੱਡੀਆਂ ਖਰੀਦਦੇ ਹਨ। ਲੇਕਿਨ ਹਜ਼ੂਰ ਪਹਿਲੇ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ ਹੈ ਕਿ ਕੰਮ ਵਾਸਤੇ ਹਠ ਕਰਨ ਦੇ ਨਾਲ ਨਾਲ ਸਾਨੂੰ ਔਗੁਣ ਕਰਨ ਤੋਂ ਬਚਣਾ ਚਾਹੀਦਾ ਹੈ। ਇੱਕ ਔਗੁਣ ਕਰਨ ਕਰਕੇ ਸਾਡਾ ਸਾਰਾ ਕੁਝ ਨੈਗੇਟਿਵ ਹੋ ਕੇ ਨੁਕਸਾਨ ਹੁੰਦਾ ਹੈ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਮਹੀਨੇ ਬਾਰੇ ਮਾਝ ਰਾਗ ਵਿੱਚ ਜੋ ਭੇਦ ਬਖਸ਼ ਰਹੇ ਹਨ ਉਸ ਨੂੰ ਵੀ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਬਾਰਹਮਾਹਾ ਮਾਂਝ ਮਹਲਾ ੫॥ (ਅੰਗ 134)**

**ਆਸਾੜੁ ਤਪੰਦਾ ਤਿਸੁ ਲਗੈ**

**ਹਰਿ ਨਾਹੁ ਨ ਜਿੰਨਾ ਪਾਸਿ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਫੁਰਮਾਨ ਕਰ ਰਹੇ ਹਨ ਕਿ ਅਗਰ ਜੀਵ ਸੋਚੇ ਕਿ ਮੈਂ ਗੁਰਬਾਣੀ ਦਾ ਸਿਮਰਨ ਜਾਪ ਜਾਂ ਯਸ਼ ਕਰਨਾ ਹੈ ਫੇਰ ਉਸ ਨੂੰ ਕਦੇ ਵੀ ਥਕੇਵਾਂ ਮਹਿਸੂਸ ਨਹੀਂ ਹੋਵੇਗਾ। ਜਦੋਂ ਥਕੇਵਾਂ ਮਹਿਸੂਸ ਨਹੀਂ ਹੁੰਦਾ ਫੇਰ ਉਹ ਚਾਅ ਨਾਲ ਗੁਰਬਾਣੀ ਦਾ ਸਿਮਰਨ ਕਰਦਾ ਹੈ ਜਿਸ ਨਾਲ ਉਸ ਦੇ ਅੰਦਰ ਅਨਰਜੀ, ਖੁਸ਼ੀ, ਖੇੜਾ ਅਤੇ ਅਨੰਦ ਆਉਂਦਾ ਹੈ ਅਤੇ ਹਿੰਮਤ ਵਿੱਚ ਵੀ ਬਲ ਮਿਲੇਗਾ। ਜਿਸ ਜੀਵ ਦਾ ਕੋਈ ਆਬਜੈਕਟ ਜਾਂ ਟਾਰਗੇਟ ਨਹੀਂ ਹੁੰਦਾ ਉਹਨਾਂ ਨੂੰ ਥਕੇਵਾਂ ਵੀ ਅਤੇ ਗਰਮੀ ਵੀ ਮਹਿਸੂਸ ਹੁੰਦੀ ਹੈ। ਇਸੇ ਤਰ੍ਹਾਂ ਅਗਰ ਸਾਡਾ ਇਹ ਨਿਸ਼ਾਨਾ ਹੋਵੇਗਾ ਕਿ ਅਸੀਂ ਨਾਮ ਦਾ ਜਾਪ ਕਰਨਾ ਹੈ ਫੇਰ ਸਾਨੂੰ ਗਰਮੀ ਮਹਿਸੂਸ ਨਹੀਂ ਹੋਵੇਗੀ।

**ਜਗਜੀਵਨ ਪੁਰਖੁ ਤਿਆਗਿ ਕੈ**

**ਮਾਣਸ ਸੰਦੀ ਆਸ॥**

ਕਈ ਵਾਰ ਅਸੀਂ ਰਿਸ਼ਤੇਦਾਰਾਂ, ਭੈਣ ਭਰਾਵਾਂ ਦੇ ਆਖੇ ਲੱਗ ਕੇ ਉਸ ਮਾਲਿਕ ਦੀ ਰਹਿਮਤ, ਬਖਸ਼ਿਸ਼, ਖੁਸ਼ੀ, ਖੇੜੇ ਨੂੰ ਭੁੱਲ ਕੇ ਇਨਸਾਨਾਂ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੰਦੇ ਹਾਂ। ਉਸ ਦਾ ਜੋ ਰਿਜਲਟ ਮਿਲਦਾ ਹੈ ਉਸ ਬਾਰੇ ਹਜ਼ੂਰ ਅੱਗੇ ਭੇਦ ਬਖਸ਼ ਰਹੇ ਹਨ।

**ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥**

ਜਦੋਂ ਅਸੀਂ ਉਹ ਪ੍ਰਭੂ, ਅੱਲਾਹ, ਗਾਡ, ਰਾਮ, ਵਾਹਿਗੁਰੂ ਨੂੰ ਭੁੱਲ ਕੇ ਦੂਸਰਿਆਂ ਦੀ ਆਸ ਰੱਖਦੇ ਹਾਂ ਫੇਰ ਕਾਲ ਸਾਡੇ ਲਈ ਬਿਪਤਾ ਖੜ੍ਹੀਆਂ ਕਰ ਦੇਵੇਗਾ, ਸਾਰੇ ਕਾਰੋਬਾਰ ਰੁਕ ਜਾਣਗੇ। ਜੇਕਰ ਅਸੀਂ ਮਾਲਿਕ ਉੱਪਰ ਆਸ ਰੱਖਾਂਗੇ ਫੇਰ ਜਿਹੜੇ ਕੰਮ ਹੋ ਵੀ ਨਹੀਂ ਸਕਦੇ ਹੋਣਗੇ ਮਾਲਿਕ ਉਹ ਵੀ ਠੀਰ ਕਰ ਦੇਣਗੇ।

**ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥**

ਹਜ਼ੂਰ ਫੁਰਮਾਉਂਦੇ ਹਨ ਕਿ ਜਿਹੜੀ ਫਸਲ ਬੀਜਾਂਗੇ ਉਹੋ ਹੀ ਕੱਟਾਂਗੇ। ਮੱਥੇ ਦੇ ਲੇਖ ਅਸਰ ਜਰੂਰ ਕਰਦੇ ਹਨ। ਪਰ ਜੇਕਰ ਮਾਲਿਕ ਦੀ ਬਖਸ਼ਿਸ਼ ਹੋਵੇ, ਸੰਤਾਂ ਦਾ ਮਿਹਰ ਭਰਿਆ ਹੱਥ ਸਿਰ ਉੱਪਰ ਹੋਵੇ ਅਤੇ ਗੁਰਬਾਣੀ ਦੀ ਰਹਿਮਤ ਹੋਵੇ ਫੇਰ ਉਹ ਮਸਤਕ ਦੇ ਲੇਖ ਵੀ ਠੀਕ ਕਰ ਦਿੰਦੇ ਹਨ।

**ਰੈਣਿ ਵਿਹਾਣੀ ਪਛੁਤਾਣੀ**

**ਉਠਿ ਚਲੀ ਗਈ ਨਿਰਾਸ॥**

ਜਿਹਨਾਂ ਨੂੰ ਮਾਲਿਕ ਨਾਲ ਪਿਆਰ ਹੁੰਦਾ ਹੈ ਉਹ ਤਰਲੇ ਪਾਉਂਦੇ ਹਨ ਕਿ ਰਾਤ ਲੰਮੀ ਹੋ ਜਾਵੇ। ਜਿਸ ਨੂੰ ਭਗਤੀ ਮਾਰਗ ਨਾਲ ਲਗਾਵ, ਆਪਣੇ ਪ੍ਰੀਤਮ ਨਾਲ ਪਿਆਰ ਨਹੀਂ ਹੁੰਦਾ ਉਹਨਾਂ

**Monthly GURBANI UPMA Regd. No. RN 42490/87**
**S. G. L. JAN SEWA KENDAR, GARHA, JALANDHAR-144 022.**
**Phones : 0181-5054199, 98760-04507**

ਦੀਆਂ ਰਾਤਾਂ ਔਂਤਰ ਚਲੀਆਂ ਜਾਂਦੀਆਂ ਹਨ।

**ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥**

ਜੋ ਜੀਵ ਸਾਧੂ ਦੀ ਸੰਗਤ ਕਰਦੇ ਹਨ ਦਰਗਾਹ ਵਿੱਚ ਉਹਨਾਂ ਦੀ ਖਲਾਸੀ ਹੋ ਜਾਂਦੀ ਹੈ। ਉਹਨਾਂ ਦੇ ਦੁਖ, ਬਿਪਤਾ, ਮੁਸ਼ਕਲਾਂ ਸਭ ਠੀਕ ਹੋ ਜਾਂਦੀਆਂ ਹਨ।

**ਕਰਿ ਕਿਰਪਾ ਪ੍ਰਭ ਆਪਣੀ**

**ਤੇਰੇ ਦਰਸਨ ਹੋਇ ਪਿਆਸ॥**

ਸੱਚੇ ਪਾਤਿਸ਼ਾਹੋ! ਐਸੀ ਕਿਰਪਾ ਕਰੋ ਕਿ ਮੈਨੂੰ ਤੁਹਾਡੇ ਦਰਸ਼ਨਾਂ ਦੀ ਪਿਆਸ ਹੋਵੇ, ਤੜਪ ਹੋਵੇ।

**ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ**

**ਨਾਨਕ ਕੀ ਅਰਦਾਸਿ॥**

ਸੱਚੇ ਪਾਤਿਸ਼ਾਹੋ! ਹੁਣ ਤੁਹਾਡੇ ਤੋਂ ਬਿਨਾਂ ਹੋਰ ਕੋਈ ਨਹੀਂ ਹੈ ਮੇਰੀ ਇਹ ਅਰਦਾਸ, ਜੋਦੜੀ, ਬੇਨਤੀ ਕਬੂਲ ਕਰੋ।

**ਆਸਾੜੁ ਸੁਹੰਦਾ ਤਿਸੁ ਲਗੈ**

**ਜਿਸੁ ਮਨਿ ਹਰਿ ਚਰਣ ਨਿਵਾਸ॥੫॥**

ਜਿਹਨਾਂ ਦੇ ਹਿਰਦੇ ਵਿੱਚ ਮਾਲਿਕ ਦਾ ਨਾਮ ਵੱਸਿਆ ਹੋਇਆ ਹੈ ਉਹਨਾਂ ਵਾਸਤੇ ਇਹ ਮਹੀਨਾ ਸੁਹਾਵਾ ਹੀ ਹੁੰਦਾ ਹੈ ਚਾਹੇ ਕਿੰਨੀ ਵੀ ਗਰਮੀ ਪਵੇ। ਉਹਨਾਂ ਵਾਸਤੇ ਇਹ ਮਹੀਨਾ ਬਹੁਤ ਹੀ ਅੱਛਾ, ਭਲਾ, ਭਾਗਾਂ ਵਾਲਾ ਅਤੇ ਖੁਸ਼ੀਆਂ ਖੇੜਿਆਂ ਨਾਲ ਭਰਿਆ ਹੋਇਆ ਹੁੰਦਾ ਹੈ।

ਹਜ਼ੂਰ ਕਿਰਪਾ ਕਰਨ। ਹਾੜ ਦਾ ਮਹੀਨਾ ਸ਼ਨਿਚਰਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ-ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ ਕੇ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਜੋ ਸੰਗਤ ਵਿਦੇਸ਼ਾਂ ਵਿੱਚ ਹੋਣ ਕਰਕੇ ਜਾਂ ਸੇਵਾ ਵਿੱਚ ਲੱਗੀ ਹੋਣ ਕਰਕੇ ਨਹੀਂ ਆ ਸਕੀ ਹਜ਼ੂਰ ਸਭ ਨੂੰ ਖੁਸ਼ੀਆਂ ਖੇੜੇ ਬਖਸ਼ਣ।

## ਗਾਰੜੂ ਮੰਤ੍ਰ

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥
ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥
ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ ॥

*(ਗੂਜਰੀ ਕੀ ਵਾਰ ਮਹਲਾ ੩ ॥ ਅੰਗ 510)*

*ਪ੍ਰਿੰਟਰ, ਪਬਿਲਿਸ਼ਰ ਅਤੇ ਮਾਲਕ **ਬਾਬਾ ਕਸ਼ਮੀਰਾ ਸਿੰਘ** ਨੇ ਕਪੂਰ ਲੇਜ਼ਰ ਗ੍ਰਾਫਿਕਸ ਤੋਂ ਟਾਈਪ ਸੈਟਿੰਗ ਕਰਵਾ ਕੇ ਬ੍ਰਾਇਟ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 ਤੋਂ ਪ੍ਰਕਾਸ਼ਿਤ ਕੀਤਾ।*
ਫੋਨ : 0181-5054199, 98760-04507
www.sglchhosp.org

***ਐਡੀਟਰ*** : **ਮਹਿੰਦਰ ਸਿੰਘ ਪਰਵਾਨਾ** ਜਿਲਦ-31 ਅੰਕ 4 ਜੂਨ : 2019 ਕੀਮਤ : 8 ਰੁਪੈ